Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 39 13/06/2025 www.samajweekly.com samajweekly @samajweekly samajweekly

# ਅਹਿਮਦਾਬਾਦ ’ਚ ਏਅਰ ਇੰਡੀਆ ਦਾ ਜਹਾਜ਼ ਹਾਦਸਾਗ੍ਰਸਤ, 265 ਮੌਤਾਂ

## ਉਡਾਣ ਭਰਨ ਦੇ ਕੁਝ ਹੀ ਪਲਾਂ ਬਾਅਦ ਹਾਦਸਾ ; ਲੰਡਨ ਜਾ ਰਹੇ ਜਹਾਜ਼ ਵਿੱਚ ਅਮਲੇ ਸਣੇ ਸਵਾਰ ਸਨ 242 ਯਾਤਰੀ ; ਟਾਟਾ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦੇਣ ਦਾ ਐਲਾਨ

**ਅਹਿਮਦਾਬਾਦ।** ਏਅਰ ਇੰਡੀਆ ਦਾ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਬੋਇੰਗ 787 ਡਰੀਮਲਾਈਨਰ (ਏਆਈ171) ਜਹਾਜ਼ ਅੱਜ ਇਥੋਂ ਦੇ ਸਰਦਾਰ ਵੱਲਭਭਾਈ ਪਟੇਲ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰਨ ਦੇ 55 ਸੈਕਿੰਡਾਂ ਮਗਰੋਂ ਹੀ ਮੈਡੀਕਲ ਕਾਲਜ ਕੰਪਲੈਕਸ ਦੀ ਇਮਾਰਤ ਨਾਲ ਟਕਰਾਅ ਕੇ ਹਾਦਸਾਗ੍ਰਸਤ ਹੋ ਗਿਆ। ਜਹਾਜ਼ ’ਚ ਸਵਾਰ 242 ’ਚੋਂ 241 ਵਿਅਕਤੀਆਂ ਦੀ ਮੌਤ ਹੋ ਗਈ। ਜਹਾਜ਼ ’ਚ ਸਵਾ ਲੱਖ ਲਿਟਰ ਤੇਲ ਸੀ। ਇਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਅਹਿਮਦਾਬਾਦ ਦੇ ਸਿਵਲ ਹਸਪਤਾਲ ’ਚ 265 ਲਾਸ਼ਾਂ ਲਿਆਂਦੀਆਂ ਗਈਆਂ ਹਨ। ਮਰਨ ਵਾਲਿਆਂ ’ਚ ਰਿਹਾਇਸ਼ੀ ਇਲਾਕਿਆਂ ਵਾਲੇ ਲੋਕ ਵੀ ਸ਼ਾਮਲ ਹਨ। ਹਾਦਸੇ ’ਚ ਬ੍ਰਿਟਿਸ਼ ਨਾਗਰਿਕ ਰਮੇਸ਼ ਵਿਸ਼ਵਾਸ ਵਾਲ ਵਾਲ ਬਚ ਗਿਆ ਹੈ। ਏਅਰ ਇੰਡੀਆ ਮੁਤਾਬਕ ਜਹਾਜ਼ ’ਚ 169 ਭਾਰਤੀ, 53 ਬਰਤਾਨਵੀ, 7 ਪੁਰਤਗਾਲੀ ਅਤੇ ਕੈਨੇਡੀਅਨ ਵਿਅਕਤੀ ਸਵਾਰ ਸਨ। ਉਨ੍ਹਾਂ ਤੋਂ ਇਲਾਵਾ ਦੋ ਪਾਇਲਟ ਅਤੇ ਅਮਲੇ ਦੇ 10 ਮੈਂਬਰ ਵੀ ਜਹਾਜ਼ ’ਚ ਸਨ।



ਉਧਰ ਖ਼ਬਰ ਏਜੰਸੀ ਰਾਇਟਰਜ਼ ਨੇ ਇਕ ਪੁਲੀਸ ਅਧਿਕਾਰੀ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਜਹਾਜ਼ ਹਾਦਸੇ ’ਚ 294 ਲੋਕ ਮਾਰੇ ਗਏ ਹਨ। ਏਜੰਸੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਲੰਡਨ ਦੇ ਗੈਟਵਿਕ ਹਵਾਈ ਅੱਡੇ ਲਈ ਰਵਾਨਾ ਹੋਏ ਜਹਾਜ਼ ਦੇ ਮੈਡੀਕਲ ਕਲਾਜ ਹੋਸਟਲ ਦੀ ਇਮਾਰਤ ਨਾਲ ਟਕਰਾਉਣ ਕਾਰਨ ਉਥੇ ਮੌਜੂਦ ਕੁਝ ਵਿਦਿਆਰਥੀਆਂ ਦੀ ਵੀ ਜਾਨ ਗਈ ਹੈ। ਇਹ ਮੁਲਕ ’ਚ ਹੋਏ ਸਭ ਤੋਂ ਭਿਆਨਕ ਹਵਾਈ ਹਾਦਸਿਆਂ ’ਚੋਂ ਇਕ ਹੈ। ਏਅਰ ਇੰਡੀਆ ਤੇ ਟਾਟਾ ਗਰੁੱਪ ਨੇ ਹਾਦਸੇ ’ਤੇ ਅਫ਼ਸੋਸ ਜਤਾਉਂਦਿਆਂ ਮ੍ਰਿਤਕਾਂ ਦੇ ਵਾਰਸਾਂ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜ਼ਖ਼ਮੀਆਂ ਦਾ ਵੀ ਇਲਾਜ ਕਰਵਾਇਆ ਜਾਵੇਗਾ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਭਲਕੇ ਅਹਿਮਦਾਬਾਦ ਮੌਕੇ ਦਾ ਦੌਰਾ ਕਰਨਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮਮੋਹਨ ਨਾਇਡੂ ਅਤੇ ਗੁਜਰਾਤ ਦੇ ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ। ਹਾਦਸੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਗਏ ਹਨ। ਸ਼ਾਹ ਨੇ ਕਿਹਾ ਕਿ ਜਹਾਜ਼ ’ਚ ਸਵਾ ਲੱਖ ਲਿਟਰ ਈਂਧਣ ਹੋਣ ਕਾਰਨ ਤਾਪਮਾਨ ਬਹੁਤ ਜ਼ਿਆਦਾ ਸੀ ਤੇ ਕਿਸੇ ਦੇ ਬਚਣ ਦੀ ਕੋਈ ਸੰਭਾਵਨਾ ਨਹੀਂ ਸੀ। ਸ਼ਾਹ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲਾਸ਼ਾਂ ਦੇ ਡੀਐੱਨਏ ਟੈਸਟ ਮਗਰੋਂ ਮ੍ਰਿਤਕਾਂ ਦਾ ਸਰਕਾਰੀ ਅੰਕੜਾ ਜਾਰੀ ਕੀਤਾ ਜਾਵੇਗਾ। ਉਨ੍ਹਾਂ ਹਾਦਸੇ ’ਚ ਬਚੇ ਵਿਸ਼ਵਾਸ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਗੁਜਰਾਤ ਦੀ ਫੋਰੈਂਸਿਕ ਸਾਇੰਸ ਲੈਬਾਰਟਰੀ ਅਤੇ ਨੈਸ਼ਨਲ ਫੋਰੈਂਸਿਕ ਸਾਇੰਸਿਜ਼ ਯੂਨੀਵਰਸਿਟੀ ਵੱਲੋਂ ਪੀੜਤਾਂ ਦੇ ਡੀਐੱਨਏ ਟੈਸਟ ਕੀਤੇ ਜਾਣਗੇ।

# ਬਠਿੰਡਾ: ਇੰਸਟਾਗ੍ਰਾਮ ’ਤੇ ਮਕਬੂਲ ਕਮਲ ਕੌਰ ਭਾਬੀ ਦੀ ਸ਼ੱਕੀ ਹਾਲਾਤ ’ਚ ਲਾਸ਼ ਮਿਲੀ

**ਬਠਿੰਡਾ।** ਇੰਸਟਾਗ੍ਰਾਮ ਉੱਤੇ ਕਮਲ ਕੌਰ ਭਾਬੀ ਦੇ ਨਾਮ ਨਾਲ ਮਕਬੂਲ ਕੰਚਨ ਕੁਮਾਰੀ ਦੀ ਲਾਸ਼ ਬੀਤੀ ਦੇਰ ਰਾਤ ਇਥੇ ਆਦੇਸ਼ ਹਸਪਤਾਲ ਨੇੜੇ ਪਾਰਕ ਕੀਤੀ ਕਾਰ ਵਿਚੋਂ ਮਿਲੀ ਹੈ। ਲਾਸ਼ ਦੀ ਸ਼ਨਾਖਤ ਅੱਜ ਸਵੇਰੇ ਕੀਤੀ ਗਈ ਹੈ। ਲਾਸ਼ ਦੀ ਹਾਲਤ ਦੇਖ ਕੇ ਕਿਆਸ ਲਾਏ ਜਾ ਰਹੇ ਹਨ ਕਿ ਕਮਲ ਕੌਰ ਭਾਬੀ ਦੀ ਮੌਤ ਦੋ-ਤਿੰਨ ਦਿਨ ਪਹਿਲਾਂ ਹੋ ਗਈ ਸੀ। ਕਮਲ ਕੌਰ ਭਾਬੀ ਸੋਸ਼ਲ ਮੀਡੀਆ ਉੱਤੇ ਅਕਸਰ ਇਤਰਾਜ਼ਯੋਗ ਤੇ ਭੱਦੀ ਸ਼ਬਦਾਵਲੀ ਵਾਲੇ ਵੀਡੀਓਜ਼ ਪਾਉਣ ਕਰਕੇ ਸੁਰਖੀਆਂ ਵਿਚ ਰਹਿੰਦੀ ਸੀ। ਉਸ ਦੇ ਇੰਸਟਾਗ੍ਰਾਮ ’ਤੇ 3.86 ਲੱਖ ਫਾਲੋਅਰਜ਼ ਹਨ। ਸੱਤ ਮਹੀਨੇ ਪਹਿਲਾਂ ਅਤਿਵਾਦੀ ਅਰਸ਼ ਡੱਲਾ ਨੇ ਵੀ ਅਸ਼ਲੀਲ ਸਮੱਗਰੀ ਨੂੰ ਲੈ ਕੇ ਕਮਲ ਕੌਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਪੁਲੀਸ ਵੱਲੋਂ ਮਾਮਲੇ ਦੀ ਪੜਤਾਲ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਕਾਰ



ਵਿੱਚੋਂ ਬਦਬੂ ਆਉਣ ਮਗਰੋਂ ਸਥਾਨਕ ਲੋਕਾਂ ਤੇ ਰਾਹਗੀਰਾਂ ਨੇ ਇਸ ਬਾਰੇ ਪੁਲੀਸ ਨੂੰ ਸੂਚਿਤ ਕੀਤਾ। ਐੱਸਪੀ (ਸਿਟੀ) ਨਰਿੰਦਰ ਸਿੰਘ ਦੀ ਅਗਵਾਈ ’ਚ ਪੁੱਜੀ ਪੁਲੀਸ ਪਾਰਟੀ ਨੇ ਲਾਸ਼ ਨੂੰ ਕਾਰ ’ਚੋਂ ਬਾਹਰ ਕੱਢਿਆ। ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਥਾਨਕ ਸਿਵਲ ਹਸਪਤਾਲ ਦੇ ਮੁਰਦਾ ਘਰ ਵਿੱਚ ਰੱਖਵਾ ਦਿੱਤੀ ਗਈ ਹੈ। ਪੁਲੀਸ ਮਾਮਲੇ ਦੀ ਵੱਖ ਵੱਖ ਪਹਿਲੂਆਂ ਤੋਂ ਜਾਂਚ ਵਿਚ ਜੁਟ ਗਈ ਹੈ। ਉਂਝ ਮੌਤ ਦੇ ਕਾਰਨਾਂ ਬਾਰੇ ਫੌਰੀ ਪਤਾ ਨਹੀਂ ਲੱਗ ਸਕਿਆ ਹੈ। ਕਮਲ ਕੌਰ ਉਰਫ ਕੰਚਨ ਕੁਮਾਰੀ ਲੁਧਿਆਣਾ ਦੀ ਵਸਨੀਕ ਦੱਸੀ ਜਾਂਦੀ ਹੈ। ਪੁਲੀਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਉਹ ਬਠਿੰਡਾ ਕਦੋਂ ਅਤੇ ਕਿਸ ਉਦੇਸ਼ ਨਾਲ ਆਈ ਸੀ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮੌਤ ਨੂੰ 2-3 ਦਿਨ ਹੋ ਚੁੱਕੇ ਹਨ।

# ਪੰਜਾਬ ਵਿਚ ਜੇਠ ਮਹੀਨੇ ਦੀਆਂ ਧੁੱਪਾਂ ਨੇ ਕੀਤਾ ਬੁਰਾ ਹਾਲ, ਅੱਜ ਹੀਟਵੇਵ ਲਈ ਰੈੱਡ ਅਲਰਟ ਜਾਰੀ

**ਚੰਡੀਗੜ੍ਹ।** ਪੰਜਾਬ ਵਿਚ ਭਿਆਨਕ ਗਰਮੀ ਦਾ ਦੌਰ ਜਾਰੀ ਹੈ। ਮੌਸਮ ਵਿਭਾਗ ਨੇ ਅੱਜ ਹੀਟਵੇਵ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਰਾਤ ਨੂੰ ਵੀ ਗਰਮੀ ਜ਼ਿਆਦਾ ਰਹੇਗੀ। ਪਿਛਲੇ 24 ਘੰਟਿਆਂ ਵਿੱਚ, ਸੂਬੇ ਦੇ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0.6 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਹਾਲਾਂਕਿ, ਇਹ ਤਾਪਮਾਨ ਸੂਬੇ ਦੇ ਆਮ ਤਾਪਮਾਨ ਨਾਲੋਂ 5.4 ਡਿਗਰੀ ਵੱਧ ਹੈ। ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 45.8 ਡਿਗਰੀ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ, ਲੋਕਾਂ ਨੂੰ 14 ਜੂਨ ਤੱਕ ਇਸ ਤਰ੍ਹਾਂ ਦੇ ਮੌਸਮ ਦਾ ਸਾਹਮਣਾ ਕਰਨਾ ਪਵੇਗਾ। ਚੰਡੀਗੜ੍ਹ ਵਿੱਚ 41.9 ਡਿਗਰੀ ਤਾਪਮਾਨ ਦਰਜ ਕੀਤਾ ਗਿਆ।ਬਿਜਲੀ ਦੀ ਮੰਗ 16836 ਮੈਗਾਵਾਟ ਤੱਕ ਪਹੁੰਚ ਗਈ ਹੈ। ਚੰਡੀਗੜ੍ਹ ਮੌਸਮ ਵਿਭਾਗ ਦੇ ਡਾਇਰੈਕਟਰ ਸੁਰਿੰਦਰ ਪਾਲ ਸਿੰਘ ਨੇ ਕਿਹਾ ਕਿ ਤਿੰਨ ਦਿਨ ਗਰਮੀ ਤੇਜ਼



ਰਹੇਗੀ। 18, 19 ਅਤੇ 20 ਤਰੀਕ ਨੂੰ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ ਫ਼ਰੀਦਕੋਟ, ਫਾਜ਼ਿਲਕਾ, ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਹੀਟਵੇਵ ਲਈ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਯਾਨੀ ਇੱਥੇ ਕਈ ਥਾਵਾਂ 'ਤੇ ਤੇਜ਼ ਹੀਟਵੇਵ ਦੀ ਸੰਭਾਵਨਾ ਹੈ ਅਤੇ ਕੁਝ ਥਾਵਾਂ 'ਤੇ ਗਰਮ ਰਾਤਾਂ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ, ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, ਐਸਏਐਸ ਨਗਰ, ਫ਼ਤਿਹਗੜ੍ਹ ਸਾਹਿਬ, ਪਠਾਨਕੋਟ, ਗੁਰਦ-ਾਸਪੁਰ, ਹੁਸ਼ਿਆਰਪੁਰ, ਮੋਗਾ, ਸੰਗਰੂਰ, ਰੂਪਨਗਰ ਅਤੇ ਪਟਿਆਲਾ ਜ਼ਿਲ੍ਹਿਆਂ ਵਿੱਚ ਹੀਟਵੇਵ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।ਅਗਲੇ ਦੋ ਦਿਨਾਂ ਤੱਕ ਸੂਬੇ ਵਿੱਚ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ ਅਤੇ ਉਸ ਤੋਂ ਬਾਅਦ ਦੂਰ-ਦੁਰਾਡੇ ਥਾਵਾਂ 'ਤੇ ਹਲਕੀ ਬਾਰਿਸ਼ ਹੋ ਸਕਦੀ ਹੈ।

# ਸਿੱਖ ਕੌਮ ਲਈ ਟਕਰਾਅ ਦੀ ਸਥਿਤੀ ਚੰਗੀ ਨਹੀਂ : ਹਰਜਿੰਦਰ ਸਿੰਘ ਧਾਮੀ

**ਅਮ੍ਰਿਤਸਰ।** SGPC ਦੀ ਅੰਤ੍ਰਿਗ ਕਮੇਟੀ ਦੀ ਬੈਠਕ 'ਚ SGPC ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ। ਇਸ ਬੈਠਕ ਵਿਚ ਕਈ ਅਹਿਮ ਫ਼ੈਸਲੇ ਲਏ ਗਏ। ਪ੍ਰਧਾਨ ਧਾਮੀ ਨੇ ਮੁਕਤਸਰ ਸਾਹਿਬ ’ਚ ਗੁਰਸਿੱਖ ਨੌਜਵਾਨ ਦੀ ਕੁੱਟਮਾਰ ਦਾ ਮਾਮਲੇ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ‘ਪੰਜਾਬ ਵਿਚ ਸਿੱਖਾਂ ਦੀ ਬਹੁਗਿਣਤੀ ਹੋਣ ਦੇ ਬਾਵਜੂਦ ਅਜਿਹਾ ਵਰਤਾਰਾ ਵੱਡੀ ਚਿੰਤਾ ਦਾ ਵਿਸ਼ਾ ਹੈ। ਸਰਕਾਰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਤੇ ਅਜਿਹੇ ਲੋਕਾਂ ਨੂੰ ਨੱਥ ਪਾਵੇ। SGPC ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ SGPC ਦੀ ਅੰਤ੍ਰਿਗ ਕਮੇਟੀ ਦੀ ਬੈਠਕ 'ਚ ਕਿਹਾ ਕਿ ਸਿੱਖ ਕੌਮ ਲਈ ਟਕਰਾਅ ਦੀ ਸਥਿਤੀ ਚੰਗੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮੀਰੀ -ਪੀਰੀ ਹਸਪਤਾਲ ਲਈ 8 ਕਰੋੜ ਦੀ ਮਾਲੀ ਸਹਾਇਤਾ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਪ੍ਰਬੰਧਕ ਕੇਮਟੀ ਹਸਪਤਾਲ ਨੂੰ ਸਾਲ ਦਾ 8 ਕਰੋੜ ਪਹਿਲਾ ਵੀ ਦਿੰਦੀ ਸੀ ਤੇ ਹੁਣ ਵੀ ਚਲਾ ਰਹੀ



ਹੈ। ਉਨ੍ਹਾਂ ਕਿਹਾ ਕਿ ਉਸਾਰੀ ਕਾਰਜ ਜੰਗੀ ਪੱਧਰ ’ਤੇ ਜਾਰੀ ਹਨ, ਉਥੇ ਸਫ਼ਲ ਆਪ੍ਰੇਸ਼ਨ ਹੋ ਰਹੇ ਹਨ। ਇਹ ਸਾਰੇ ਕਾਰਜ ਸਿੱਖਾਂ ਦੇ ਭਲੇ ਲਈ ਹਨ ।

# ਮੋਹਾਲੀ ਪੁਲਿਸ ਨੂੰ ਮਿਲੀ ਵੱਡੀ ਸਫ਼ਲਤਾ, 2 ਨਸ਼ਾ ਤਸਕਰਾਂ ਨੂੰ ਕੀਤਾ ਕਾਬੂ

**ਮੋਹਾਲੀ।** ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆ ਵਿੱਰੁਧ' ਤਹਿਤ ਸਾਹਿ-ਬਜ਼ਾਦਾ ਅਜੀਤ ਸਿੰਘ ਨਗਰ ਪੁਲਿਸ ਹੱਥ ਉਸ ਸਮੇਂ ਵੱਡੀ ਕਾਮਯਾਬੀ ਲੱਗੀ ਜਦੋਂ ਜ਼ਿਲ੍ਹਾ ਪੁਲਿਸ ਨੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 14 ਕਿਲੋ 370 ਗ੍ਰਾਮ ਅਫੀਮ ਬਰਾਮਦ ਕੀਤੀ। ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਦੇ ਦਿਸ਼ਾ ਨਿਰਦੇਸ਼ਾਂ ਤੇ ਇਸ ਪ੍ਰਾਪਤੀ ਬਾਰੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਮਨਪ੍ਰੀਤ ਸਿੰਘ, ਕਪਤਾਨ ਪੁਲਿਸ ਦਿਹਾਤੀ,ਤਲਵਿੰਦਰ ਸਿੰਘ ਗਿੱਲ, ਐਸ.ਪੀ. ਆਪਰੇਸ਼ਨਸ ਤੇ ਨਵੀਨਪਾਲ ਸਿੰਘ ਲਹਿਲ, ਉੱਪ ਕਪਤਾਨ ਪੁਲਿਸ ਡੇਰਾਬਸੀ ਨੇ ਦੱਸਿਆ ਕਿ ਇੰਸ ਸਿਮਰਨ ਸਿੰਘ ਮੁੱਖ ਅਫਸਰ ਥਾਣਾ ਲਾਲੜੂ ਦੀ ਨਿਗਰਾਨੀ ਅਧੀਨ, ਥਾਣਾ ਲਾਲੜੂ ਪੁਲਿਸ ਵੱਲੋਂ ਨਸ਼ਾ ਤਸਕਤਾਂ ਪਾਸੋਂ ਇਹ ਬਰਾਮਦਗੀ ਕੀਤੀ ਗਈ ਹੈ। ਐਸ ਪੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਨੂੰ 11ਜੂਨ 2025 ਨੂੰ ਥਾਣੇਦਾਰ ਰਾਜਿੰਦਰ ਸਿੰਘ ਵੱਲੋਂ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ



ਘੋਲੂਮਾਜਰਾ ਬੱਸ ਸਟਾਪ ਮੇਨ ਹਾਈਵੇਅ ਅੰਬਾਲਾ ਤੋਂ ਚੰਡੀਗੜ੍ਹ ਵਿਖੇ, ਇੱਕ ਇਨੋਵਾ ਕਾਰ ਖੜੀ ਦੇਖੀ, ਜਿਸ ਵਿੱਚ ਸਵਾਰ ਦੋ ਨੌਜਵਾਨ ਰਣਜੋਧ ਸਿੰਘ ਵਾਸੀ ਪਿੰਡ ਮੱਦਰ, ਥਾਣਾ ਖਾਲੜਾ, ਜ਼ਿਲ੍ਹਾ ਤਰਨਤਾਰਨ, ਜਸਵੀਰ ਸਿੰਘ ਵਾਸੀ ਪਿੰਡ ਮਾੜੀ, ਥਾਣਾ ਭਿਖੀਵਿੰਡ, ਜ਼ਿਲ੍ਹਾ ਤਰਨਤਾਰਨ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੂੰ ਕਾਬੂ ਕੀਤਾ ਗਿਆ। ਉਨ੍ਹਾਂ ਕੋਲ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ ’ਤੇ ਮੌਕੇ ’ਤੇ ਨਵੀਨਪਾਲ ਸਿੰਘ, ਉਪ ਕਪਤਾਨ ਪੁਲਿਸ, ਸਬ ਡਵੀਜਨ ਡੇਰਾਬੱਸੀ ਨੂੰ ਬੁਲਾਇਆ ਗਿਆ। ਡੀ ਐਸ ਪੀ ਸਬ ਡਿਵੀਜ਼ਨ ਦੀ ਹਾਜ਼ਰੀ ’ਚ ਕਾਰ ਵਿੱਚ ਰੱਖੇ ਬੈਗ ’ਚੋਂ 2 ਮੋਮੀ ਲਿਫਾਫਿਆ ’ਚੋਂ ਕੁੱਲ 14 ਕਿਲੋ 370 ਗ੍ਰਾਮ (ਇੱਕ ਵਿੱਚੋਂ 7 ਕਿਲੋ 545 ਗ੍ਰਾਮ ਅਤੇ ਦੂਜੇ ਲਿਫਾਫੇ ਵਿੱਚੋਂ 6 ਕਿਲੋ 825 ਗ੍ਰਾਮ) ਅਫੀਮ ਬ੍ਰਾਮਦ ਹੋਈ, ਜਿਸ ਤੇ ਉਕਤ ਦੋਸ਼ੀਆਂ ਖਿਲਾਫ਼ ਧਾਰਾ 18/61/85 ਐਨ ਡੀ ਪੀ ਐਸ ਐਕਟ, ਲਾਲੜੂ ਵਿਖੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਤਫਤੀਸ਼ ਦੌਰਾਨ ਪਾਇਆ ਗਿਆ ਕਿ ਦੋਸ਼ੀ ਰਣਜੋਧ ਸਿੰਘ ਦੇ ਖਿਲਾਫ ਮੁਕੱਦਮਾ ਨੰ 208 ਮਿਤੀ 24 ਜੂਨ /2021 ਅ/ਧ 21/61/85 ਐਨ.ਡੀ.ਪੀ.ਐਸ. ਐਕਟ ਥਾਣਾ ਜੰਡਿਆਲਾ ਗੁਰੂ, ਅਮ੍ਰਿਤਸਰ ਦਿਹਾਤੀ (ਰਿਕਵਰੀ 28 ਗ੍ਰਾਮ ਹੀਰੋਇਨ) ਅਤੇ ਦੋਸ਼ੀ ਜਸਬੀਰ ਸਿੰਘ ਦੇ ਖਿਲਾਫ਼ ਮੁਕੱਦਮਾ ਨੰਬਰ 06, ਮਿਤੀ 07 ਜੂਨ 2019 ਅਧੀਨ ਧਾਰਾ18,29/61/85 ਐਨ ਡੀ ਪੀ ਐਸ ਐਕਟ, ਥਾਣਾ ਜੰਡਿਆਲਾ ਗੁਰੂ, ਅੰਮ੍ਰਿਤਸਰ ਦਿਹਾਤੀ (ਬਰਾਮਦਗੀ 4 ਕਿੱਲੋ 800 ਗ੍ਰਾਮ ਅਫੀਮ) ਦਰਜ ਹਨ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

# ਕਰਨਲ ਬਾਠ ਦੇ ਪਰਿਵਾਰ ਨੇ ਪੰਜਾਬ ਦੇ ਰਾਜਪਾਲ ਨਾਲ ਕੀਤੀ ਮੁਲਾਕਾਤ, ਇਨਸਾਫ਼ ਦੀ ਕੀਤੀ ਮੰਗ

**ਚੰਡੀਗੜ੍ਹ** ।ਕਰਨਲ ਬਾਠ ਦਾ ਪਰਿਵਾਰ ਅੱਜ ਇੱਕ ਵਾਰ ਫਿਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਣ ਪਹੁੰਚਿਆ ਜਿੱਥੇ ਉਨ੍ਹਾਂ ਨੇ ਇੱਕ ਮੰਗ ਪੱਤਰ ਦਿੱਤਾ ਜਿਸ ਵਿੱਚ ਮੰਗ ਕੀਤੀ ਗਈ ਕਿ ਦੋਸ਼ੀ ਪੰਜਾਬ ਪੁਲਿਸ ਇੰਸਪੈਕਟਰ ਅਤੇ ਸੀਨੀਅਰ ਪੁਲਿਸ ਅਧਿਕਾਰੀ ਮਾਮਲੇ ਵਿੱਚ ਦੋਸ਼ੀ ਲੋਕਾਂ ਦੀ ਮਦਦ ਕਰ ਰਹੇ ਹਨ, ਜਿਸ ਵਿੱਚ ਪਰਿਵਾਰ ਨੇ ਕਿਤੇ ਨਾ ਕਿਤੇ ਚੰਡੀਗੜ੍ਹ ਪੁਲਿਸ ਦੀ ਜਾਂਚ 'ਤੇ ਸਹਿਮਤੀ ਜਤਾਈ ਹੈ, ਜਿਸ ਵਿੱਚ ਕਰਨਲ ਬਾਠ ਦੀ ਪਤਨੀ ਜਸਵਿੰਦਰ ਕੌਰ ਨੇ ਦੱਸਿਆ ਕਿ ਇੱਕ ਹਫ਼ਤੇ ਬਾਅਦ ਵੀ ਰਾਜਪਾਲ ਨੇ ਮਿਲਣ ਦਾ ਸਮਾਂ ਦਿੱਤਾ ਹੈ ਕਿ ਜੇਕਰ ਉਨ੍ਹਾਂ ਨੂੰ ਜਾਂਚ ਵਿੱਚ ਕੋਈ ਸ਼ੱਕ ਲੱਗਦਾ ਹੈ ਤਾਂ ਉਹ ਦੁਬਾਰਾ ਮਿਲਣ ਆ ਸਕਦੇ ਹਨ, ਜਦੋਂ ਕਿ ਅੱਜ ਸ਼ਾਮ ਆਈਜੀ ਚੰਡੀਗੜ੍ਹ ਨਾਲ ਇੱਕ ਮੀਟਿੰਗ ਤੈਅ ਕੀਤੀ ਗਈ ਹੈ ਤਾਂ ਜੋ ਉਹ ਚੰਡੀਗੜ੍ਹ ਪੁਲਿਸ ਦੀ ਹਾਈ ਕੋਰਟ ਦੁਆਰਾ ਬਣਾਈ ਗਈ ਐਸਆਈਟੀ ਦੀ ਤਾਜ਼ਾ



ਸਥਿਤੀ ਬਾਰੇ ਜਾਣ ਸਕਣ। ਕਾਰਨ ਇਹ ਹੈ ਕਿ ਦੋਸ਼ੀ ਦੀ ਪਤਨੀ ਜਸਵਿੰਦਰ ਕੌਰ ਨੇ ਦੱਸਿਆ ਕਿ 4 ਦੋਸ਼ੀ ਇੰਸਪੈਕਟਰਾਂ ਨੂੰ ਪੀਓ ਆਰਡਰ ਜਾਰੀ ਕੀਤੇ ਜਾਣੇ ਚਾਹੀਦੇ ਹਨ ਜੋ ਅਜੇ ਤੱਕ ਪੁਲਿਸ ਦੇ ਕਬਜ਼ੇ ਵਿੱਚ ਨਹੀਂ ਹਨ। ਕਿਉਂਕਿ ਉਹ ਭੱਜ ਗਏ ਹਨ ਅਤੇ ਜਾਂਚ ਨੂੰ ਹੋਰ ਤੇਜ਼ ਕਰਨ ਦੀ ਮੰਗ ਹੈ। ਜਦੋਂ ਕਿ ਜਦੋਂ ਚੰਡੀਗੜ੍ਹ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਜਾਂਦੀ ਹੈ, ਤਾਂ ਪੰਜਾਬ ਪੁਲਿਸ ਉਨ੍ਹਾਂ ਨੂੰ ਸੂਚਿਤ ਕਰਦੀ ਹੈ ਅਤੇ ਦੋਸ਼ੀ ਇੰਸਪੈਕਟਰ ਮੌਕੇ ਤੋਂ ਭੱਜ ਜਾਂਦੇ ਹਨ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜ਼ੀਰਕਪੁਰ ’ਚ ਜੂਏ ਦਾ ਧੰਦਾ ਕਰਨ ਵਾਲੇ ਗਰੋਹ ਦਾ ਪਰਦਾਫ਼ਾਸ਼, 14 ਗ੍ਰਿਫ਼ਤਾਰ



CM ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਵਲੋਂ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਕਰਨ ਦਾ ਸਿਲਸਿਲਾ ਜਾਰੀ ਹੈ। ਡੀ.ਜੀ.ਪੀ. ਪੰਜਾਬ, ਗੌਰਵ ਯਾਦਵ ਆਈ.ਪੀ.ਐਸ. ਅਤੇ ਡੀ.ਆਈ.ਜੀ. ਰੋਪੜ ਹਰਚਰਨ ਸਿੰਘ ਭੁੱਲਰ ਆਈ.ਪੀ.ਐਸ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਵੱਲੋ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਮਾੜੇ ਅਨੁਸਰਾ ਖਿਲਾਫ਼ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮੋਹਾਲੀ ਪੁਲਿਸ ਨੇ ਗੈਂਬਲਿੰਗ ਅਤੇ ਧੋਖਾਧੜੀ ਕਰਨ ਵਾਲੇ 14 ਵਿਅਕਤੀਆ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਥਾਣਾ ਜ਼ੀਰਕਪੁਰ ਦੇ ਮੁੱਖ ਅਫ਼ਸਰ ਨੇ ਪੁਲਿਸ ਪਾਰਟੀ ਸਮੇਤ ਜਦੋਂ ਕੇ.ਸੀ ਰੋਇਲ ਹੋਟਲ ਚੰਡੀਗੜ੍ਹ ਰੋਡ ਜ਼ੀਰਕਪੁਰ ’ਤੇ ਛਾਪੇਮਾਰੀ ਕੀਤੀ ਤਾਂ ਪਤਾ ਲੱਗਿਆ ਕਿ ਹੋਟਲ ਦਾ ਮਾਲਕ ਸੈਂਟੀ ਆਪਣੇ ਮੈਨੇਜਰ ਨਾਲ ਰਲ ਕੇ ਆਪਣੇ ਹੋਟਲ ਦੀ ਤੀਸਰੀ ਮੰਜ਼ਿਲ ਉੱਤੇ ਭੋਲੇ ਭਾਲੇ ਲੋਕਾ ਨੂੰ ਜ਼ਿਆਦਾ ਮੁਨਾਫ਼ੇ ਦਾ ਲਾਲਚ ਦੇ ਕੇ ਧੋਖੇ ਨਾਲ ਸੱਟਾ ਖਿਡਾਉਣ ਦਾ ਕੰਮ ਕਰ ਰਿਹਾ ਹੈ ਜਿਸ ਪਰ ਫੋਰੀ ਐਕਸ਼ਨ ਲੈਂਦੇ ਹੋਏ ਮੁਕੱਦਮਾ ਨੰ. 282 ਮਿਤੀ 10.6.2025 ਅ/ਧ 3,4 ਗੈਬਲਿੰਗ ਐਕਟ ਅਤੇ 318 (4) ਬੀ ਐੱਨ ਐੱਸ ਥਾਣਾ ਜ਼ੀਰਕਪੁਰ ਦਰਜ ਰਜਿਸਟਰ ਕਰ ਕੇ ਹੋਟਲ ਕੇ.ਸੀ ਰੋਇਲ ਹੋਟਲ ਚੰਡੀਗੜ੍ਹ ਵਿਖੇ ਰੇਡ ਕਰ 14 ਵਿਅਕਤੀਆ ਨੂੰ ਗ੍ਰਿਫ਼ਤਾਰ ਕੀਤਾ ਗਿਆ ।

# ਨਗਰ ਕੌਂਸਲ ਨੰਗਲ ਦਾ ਵੱਡਾ ਫ਼ੈਸਲਾ, ਹਿਮਾਚਲ ਦੀਆਂ ਗੱਡੀਆਂ ’ਤੇ ਲੱਗੇਗਾ ਟੋਲ ਟੈਕਸ

**ਨੰਗਲ।** ਨੰਗਲ ਨਗਰ ਕੌਂਸਲ ਨੰਗਲ ਨਾਲ ਲੱਗਦੇ ਹਿਮਾਚਲ ਦੀਆਂ ਸਾਰੀਆਂ ਸਰਹੱਦਾਂ 'ਤੇ ਹਿਮਾਚਲ ਅਤੇ ਹੋਰ ਰਾਜਾਂ ਦੇ ਵਾਹਨਾਂ 'ਤੇ ਟੋਲ ਟੈਕਸ ਲਗਾ ਕੇ ਕਰੋੜਾਂ ਦਾ ਮੁਨਾਫਾ ਕਮਾਏਗੀ। ਨੰਗਲ ਦੀ ਸੀਮਾ ਵਿੱਚ ਪੰਜਾਬ ਨੰਬਰ ਵਾਲੇ ਵਾਹਨਾਂ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਦੇ ਵਾਹਨਾਂ 'ਤੇ ਟੈਕਸ ਲਗਾਇਆ ਜਾ ਰਿਹਾ ਹੈ। ਨਗਰ ਕੌਂਸਲ ਚੇਅਰਮੈਨ ਦੀ ਪ੍ਰਧਾਨਗੀ ਹੇਠ ਹੋਈ ਨੰਗਲ ਨਗਰ ਕੌਂਸਲ ਦੀ ਇੱਕ ਮਹੱਤਵਪੂਰਨ ਮੀਟਿੰਗ ਵਿੱਚ, ਇਸ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਪਾਸ ਕਰਕੇ ਸਥਾਨਕ ਸੰਸਥਾ ਨੂੰ ਭੇਜਿਆ ਗਿਆ ਹੈ। ਨਗਰ ਕੌਂਸਲ ਚੇਅਰਮੈਨ ਸੰਜੇ ਸਾਹਨੀ ਦੀ ਪ੍ਰਧਾਨਗੀ ਹੇਠ ਹੋਈ ਨੰਗਲ ਨਗਰ ਕੌਂਸਲ ਦੀ ਇੱਕ ਮਹੱਤਵਪੂਰਨ ਮੀਟਿੰਗ, ਜਿਸ ਵਿੱਚ ਇੱਕ ਪ੍ਰਸਤਾਵ ਪਾਸ ਕਰਕੇ ਪੰਜਾਬ ਵਿੱਚ ਹਿਮਾਚਲ ਦੀ ਤਰਜ਼ 'ਤੇ ਟੋਲ ਟੈਕਸ ਲਗਾਉਣ ਲਈ ਇੱਕ ਮਹੱਤਵਪੂਰਨ ਪ੍ਰਸਤਾਵ ਪਾਸ ਕਰਕੇ ਸਥਾਨਕ ਸੰਸਥਾ ਦੇ ਡਾਇਰੈਕਟਰ ਨੂੰ




ਭੇਜਿਆ ਗਿਆ। ਇਸ ਮੀਟਿੰਗ ਵਿੱਚ ਇੱਕ ਮਹੱਤਵਪੂਰਨ ਪ੍ਰਸਤਾਵ ਪਾਸ ਕਰਕੇ ਪੰਜਾਬ ਵਿੱਚ ਹਿਮਾਚਲ ਦੀ ਤਰਜ਼ 'ਤੇ ਟੋਲ ਟੈਕਸ ਲਗਾਉਣ ਲਈ ਇੱਕ ਮਹੱਤਵਪੂਰਨ ਪ੍ਰਸਤਾਵ ਪਾਸ ਕਰਕੇ ਸਥਾਨਕ ਸੰਸਥਾ ਦੇ ਡਾਇਰੈਕਟਰ ਨੂੰ ਭੇਜਿਆ ਗਿਆ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਕੌਂਸਲਰ ਸੁਰਿੰਦਰ ਪੰਮਾ ਨੇ ਦੱਸਿਆ ਕਿ ਨੰਗਲ ਨਗਰ ਕੌਂਸਲ ਵੀ ਹਿਮਾਚਲ ਦੀ ਤਰਜ਼ 'ਤੇ ਪੰਜਾਬ ਅਤੇ ਹਿਮਾ-ਚਲ ਦੀ ਸਰਹੱਦ 'ਤੇ ਟੋਲ ਲਗਾਉਣ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦੇ ਵਾਹਨਾਂ ਨੂੰ ਛੱਡ ਕੇ ਹੋਰ ਰਾਜਾਂ ਦੇ ਵਾਹਨਾਂ ਤੋਂ ਟੋਲ ਵਸੂਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਰਾਜਮਾਰਗ ਦੇ ਨੇੜੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਰਹਿਣ ਵਾਲੇ ਲੋਕਾਂ ਤੋਂ ਟੋਲ ਟੈਕਸ ਨਹੀਂ ਵਸੂਲਿਆ ਜਾ ਸਕਦਾ, ਪਰ ਹਿਮਾਚਲ ਸਰਕਾਰ ਹਿਮਾਚਲ ਨੰਬਰਾਂ ਨੂੰ ਛੱਡ ਕੇ ਹਰੇਕ ਵਿਅਕਤੀ ਤੋਂ 90% ਟੈਕਸ ਵਸੂਲ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਹਿਮਾਚਲ ਦੀਆਂ ਸਰਹੱਦਾਂ 'ਤੇ ਟੋਲ ਬੈਰੀਅਰ ਲਗਾਏ ਜਾਂਦੇ ਹਨ, ਤਾਂ ਨੰਗਲ ਨਗਰ ਕੌਂਸਲ ਨੂੰ ਕਰੋੜਾਂ ਦਾ ਫਾਇਦਾ ਹੋਵੇਗਾ। ਅੱਜ ਦੀ ਮੀਟਿੰਗ ਵਿੱਚ ਸਾਰੇ ਕੌਂਸਲਰ ਕਾਲੇ ਬਿੱਲੇ ਲਗਾ ਕੇ ਨਗਰ ਕੌਂਸਲ ਦੀ ਮੀਟਿੰਗ ਵਿੱਚ ਪਹੁੰਚੇ। ਇਨ੍ਹਾਂ ਕੌਂਸਲਰਾਂ ਨੇ ਦੋਸ਼ ਲਗਾਇਆ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਗਏ ਕੰਮਾਂ ਨੂੰ ਵੀ ਪੂਰਾ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਅੱਜ ਰੋਸ ਵਜੋਂ ਕਾਲੇ ਬਿੱਲੇ ਲਗਾਏ ਗਏ ਹਨ।

# ਗਿੱਦੜਬਾਹਾ 'ਚ ਘਰਵਾਲੀ ਦੀ ਸ਼ਰਮਨਾਕ ਕਰਤੂਤ, ਪਤੀ, ਸੱਸ-ਸਹੁਰੇ ਨੂੰ ਖਵਾਈਆਂ ਜ਼ਹਿਰੀਲੀਆਂ ਰੋਟੀਆਂ

**ਗਿੱਦੜਬਾਹਾ।** ਹਲਕਾ ਗਿੱਦੜਬਾਹਾ ਦੇ ਪਿੰਡ ਗੁਰੂਸਰ ਵਿਖੇ ਬੀਤੀ ਰਾਤ ਇਕ ਔਰਤ ਨੇ ਅਪਣੇ ਪੂਰੇ ਪਰਵਾਰ ਨੂੰ ਆਟੇ ਵਿਚ ਜ਼ਹਿਰੀਲੀ ਚੀਜ਼ ਗੁੰਨ ਕੇ ਉਸ ਦੀਆਂ ਰੋਟੀਆਂ ਬਣਾ ਕੇ ਖਵਾ ਦਿਤੀ ਅਤੇ ਖ਼ੁਦ ਵੀ ਕੁੱਝ ਰੋਟੀ ਖਾਧੀ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਭਿੰਡੀਆਂ ਦੀ ਸ਼ਬਜੀ ਨਾਲ ਉਕਤ ਜ਼ਹਿਰੀਲੀ ਰੋਟੀ ਖਾਣ ਤੋਂ ਬਾਅਦ ਘਰ ਦੇ ਮੁਖੀ ਸੁਰਜੀਤ ਸਿੰਘ, ਉਸ ਦੀ ਪਤਨੀ ਜਸਵਿੰਦਰ ਕੌਰ, ਲੜਕੇ ਸ਼ਿਵਤਾਰ ਸਿੰਘ ਉਰਫ ਰਾਜੂ ਅਤੇ ਇਸ ਦੀ ਪਤਨੀ ਖੁਸ਼ਮਨਦੀਪ ਕੌਰ ਨੂੰ ਗਿੱਦੜਬਾਹਾ ਦੇ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਇੰਨਾਂ ਨੂੰ ਮੁਢਲੀ ਸਹਾਇਤਾ ਦੇਣ ਤੋਂ ਬਾਅਦ ਸ਼ਿਵਤਾਰ ਸਿੰਘ ਉਰਫ ਰਾਜੂ ਨੂੰ ਬਠਿੰਡਾ ਰੈਫ਼ਰ ਕਰ ਦਿਤਾ ਜਦੋਂਕਿ ਬਾਕੀਆਂ ਨੂੰ ਪਰਵਾਰਕ ਮੈਂਬਰਾਂ ਵਲੋਂ ਦੀਪ ਹਸਪਤਾਲ ਗਿੱਦੜਬਾਹਾ ਵਿਖੇ ਭਰਤੀ ਕਰਵਾਇਆ ਗਿਆ। ਸ਼ਿਵਤਾਰ ਸਿੰਘ ਦੀ ਬਠਿੰਡਾ ਵਿਖੇ ਇਲਾਜ ਦੌਰਾਨ ਮੌਤ ਹੋ ਗਈ। ਇਸ ਪੂਰੇ ਮਾਮਲੇ ਸਬੰਧੀ ਗਿੱਦੜਬਾਹਾ ਦੇ ਡੀਐਸਪੀ ਅਵਤਾਰ ਸਿੰਘ ਰਾਜਪਾਲ ਨੇ ਦਸਿਆ ਕਿ ਪੁਲਿਸ ਵਲੋਂ ਮ੍ਰਿਤਕ ਦੇ ਵੱਡੇ ਭਰਾ ਜਗਤਾਰ ਸਿੰਘ ਦੇ ਬਿਆਨ ’ਤੇ ਮ੍ਰਿਤਕ ਦੀ ਪਤਨੀ ਖੁਸ਼ਮਨਦੀਪ ਕੌਰ ਅਤੇ ਉਸ ਦੇ 3 ਹੋਰ ਸਾਥੀਆਂ ਵਿਰੁਧ ਧਾਰਾ 103, 109 ਬੀ.ਐੱਨ.ਐੱਸ. ਤਹਿਤ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਗਈ ਹੈ। ਉਨ੍ਹਾਂ ਦਸਿਆ ਕਿ ਖੁਸ਼ਮਨਦੀਪ ਕੌਰ ਅਤੇ ਮ੍ਰਿਤਕ ਸ਼ਿਵਤਾਰ ਸਿੰਘ ਉਰਫ ਰਾਜੂ ਦਾ ਵਿਆਹ ਕਰੀਬ 5 ਮਹੀਨੇ ਪਹਿਲਾਂ ਹੋਇਆ ਸੀ ਅਤੇ ਖੁਸ਼ਮਨਦੀਪ ਕੌਰ ਕਰੀਬ 2 ਮਹੀਨੇ ਪਹਿਲਾਂ ਕਿਸੇ ਹੋਰ ਵਿਅਕਤੀ ਨਾਲ ਘਰੋਂ ਚਲੀ ਗਈ ਸੀ ਅਤੇ ਹੁਣ ਪਰਵਾਰ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਸੀ, ਜਿਸ ਦੇ ਚਲਦਿਆਂ ਉਸ ਨੇ ਬੀਤੀ ਰਾਤ ਪੂਰੇ ਪਰਵਾਰ ਨੂੰ ਆਟੇ ਵਿਚ ਜ਼ਹਿਰ ਮਿਲਾ ਕੇ ਉਸ ਦੀਆਂ ਰੋਟੀਆਂ ਖਵਾ ਦਿਤੀਆਂ ਜਿਸ ਨਾਲ ਪਰਵਾਰ ਦੇ ਬਾਕੀ ਮੈਂਬਰਾਂ ਦੀ ਹਾਲਤ ਜ਼ਿਆਦਾ ਖ਼ਰਾਬ ਹੋ ਗਈ ਜਦੋਂਕਿ ਖੁਸ਼ਮਨਦੀਪ ਕੌਰ ਨੇ ਖ਼ੁਦ ਉਕਤ ਰੋਟੀ ਬਹੁਤ ਘੱਟ ਖਾਧੀ ਸੀ। ਇਸ ਕਰ ਕੇ ਖ਼ੁਸ਼ਦੀਪ ਕੌਰ ਦੀ ਹਾਲਤ ਸਥਿਰ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਪਿੰਡ ਦੇ ਦੋਵੇਂ ਸਿਵਿਆਂ 'ਚ ਭੱਠੀਆਂ ਲਗਵਾਉਣ ਲਈ 'ਗ੍ਰਾਮ ਪੰਚਾਇਤ ਭਲੂਰ' ਨੇ ਪਾਇਆ ਮਤਾ

## ਗੁ: ਸਾਹਿਬ ਦੀ ਪ੍ਰਬੰਧਕ ਕਮੇਟੀ ਰਾਹੀਂ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਭਾਈ ਸਰਬਜੀਤ ਸਿੰਘ ਨੂੰ ਦਿੱਤਾ ਮੰਗ ਪੱਤਰ

**ਭਲੂਰ/ ਬੇਅੰਤ ਗਿੱਲ**

ਪਿੰਡ ਦੇ ਨੌਜਵਾਨ ਸਰਪੰਚ ਸਰਦਾਰ ਅਰਸ਼ਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਭਲੂਰ ਨੇ ਪਿੰਡ ਦੇ ਦੋਵੇਂ ਸਿਵਿਆਂ ਵਿੱਚ ਭੱਠੀਆਂ ਲਗਵਾਉਣ ਲਈ ਮਤਾ ਪਾਇਆ ਹੈ। ਇੱਥੇ ਗੱਲਬਾਤ ਕਰਦਿਆਂ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਪਿੰਡ ਦੇ ਸਿਵਿਆਂ ਅੰਦਰ ਅੰਤਿਮ ਦੇਹ ਦਾ ਸਸਕਾਰ ਕਰਨ ਮੌਕੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੇ ਕਿਹਾ ਕਿ ਮੌਜੂਦਾ ਪੰਚਾਇਤ ਨੇ ਇਹ ਮਤਾ ਪਾਸ ਕਰਕੇ ਬਹੁਤ ਚੰਗਾ ਕਾਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਗੁਰਦੁਆਰਾ ਸਰੋਵਰ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੂੰ ਕਿਹਾ ਸੀ ਕਿ ਉਹ ਸਿਵਿਆਂ ਅੰਦਰ ਭੱਠੀ ਲਗਵਾਉਣ ਲਈ ਮਤਾ ਪਾਸ ਕਰਨ ਅਤੇ ਇਸ ਕਾਰਜ ਲਈ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ ਫੰਡ ਜਾਰੀ ਕਰਨਗੇ। ਇਸ ਲਈ ਪਿਛਲੇ ਦਿਨੀਂ ਗ੍ਰਾਮ ਪੰਚਾਇਤ ਭਲੂਰ ਵੱਲੋਂ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਦੀ ਅਗਵਾਈ ਹੇਠ ਉਕਤ ਮਤਾ ਪਾਸ ਕੀਤਾ ਜਾ ਚੁੱਕਾ ਹੈ। ਇਸ ਮੌਕੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਵਿੱਚ






ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ ਦੀ ਤਰਫੋਂ ਪੰਥਕ ਲੀਡਰ ਭਾਈ ਦਲੇਰ ਸਿੰਘ ਡੋਡ ਤੇ ਹੋਰ ਆਗੂ ਸਾਹਿਬਾਨ ਪਹੁੰਚੇ ਸਨ, ਇਸ ਦੌਰਾਨ ਭਾਈ ਜਗਰੂਪ ਸਿੰਘ ਖ਼ਾਲਸਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਕੁਲਦੀਪ ਸਿੰਘ ਕੀਪਾ, ਸਰਦਾਰ ਸੇਵਕ ਸਿੰਘ ਖੂਹ ਵਾਲੇ ਅਤੇ ਹੋਰ ਕਮੇਟੀ ਮੈਂਬਰਾਂ ਨੇ ਭੱਠੀਆਂ ਬਾਬਤ ਭਾਈ ਦਲੇਰ ਸਿੰਘ ਡੋਡ ਹੋਰਾਂ ਨਾਲ ਗੱਲਬਾਤ ਕੀਤੀ ਸੀ ਅਤੇ ਜਿਸ ਤੋਂ ਬਾਅਦ ਉਕਤ ਕਮੇਟੀ ਮੈਂਬਰਾਂ ਨੇ ਪੰਚਾਇਤ ਨਾਲ ਸੰਪਰਕ ਕਰਕੇ ਇਹ ਮਤਾ ਪਾਉਣ ਦਾ ਕਿਹਾ ਸੀ। ਇਸ ਦੇ ਤੁਰੰਤ ਅਸੀਂ ਇਹ ਮਤਾ ਲਿਖਤੀ ਤੌਰ 'ਤੇ ਪਾਸ ਕੀਤਾ। ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਕਈ ਮੀਟਿੰਗਾਂ ਵਿੱਚ ਸਿਵਿਆਂ ਦੀਆਂ ਭੱਠੀਆਂ ਬਾਰੇ ਵਿਚਾਰ ਚਰਚਾ ਕਰਦੇ ਆ ਰਹੇ ਸਾਂ ਅਤੇ ਇਹ ਸਾਰੀ ਕਹਾਣੀ ਗੁਰਦੁਆਰਾ ਕਮੇਟੀ ਦੇ ਧਿਆਨ ਵਿੱਚ ਸੀ। ਸੋ ਧੰਨਵਾਦ ਭਾਈ ਜਗਰੂਪ ਸਿੰਘ ਖ਼ਾਲਸਾ, ਸਰਦਾਰ ਸੇਵਕ ਸਿੰਘ ਖੂਹ ਵਾਲੇ, ਪ੍ਰਧਾਨ ਕੁਲਦੀਪ ਸਿੰਘ ਕੀਪਾ ਅਤੇ ਸਮੂਹ ਕਮੇਟੀ ਮੈਂਬਰਾਂ ਦਾ ਜਿਨ੍ਹਾਂ ਦੀ ਹੱਲਾਸ਼ੇਰੀ ਨਾਲ ਅਸੀਂ ਇਹ ਕਾਰਜ ਜਲਦ ਨੇਪਰੇ ਚੜ੍ਹਾਉਣ ਵੱਲ ਵਧ ਰਹੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਪੰਚਾਇਤ ਦੇ ਤਰਫੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ ਨੂੰ ਮਿਲ ਕੇ ਪਿੰਡ ਦੀਆਂ ਹੋਰ ਵੀ ਅਹਿਮ ਲੋੜਾਂ ਵੱਲ ਧਿਆਨ ਦੇਣ ਦੀ ਬੇਨਤੀ ਕਰਾਂਗੇ। ਇਸ ਮੌਕੇ ਸਰਦਾਰ ਜਗਰੂਪ ਸਿੰਘ ਖ਼ਾਲਸਾ ਨੇ ਕਿਹਾ ਕਿ ਪਿੰਡ ਦੇ ਵਿਕਾਸ ਲਈ ਸਾਨੂੰ ਸਭ ਨੂੰ ਰਲ ਮਿਲ ਕੇ ਕੰਮ ਕਰਨ ਦੀ ਲੋੜ ਹੈ।

# ਬੀਕੇਯੂ ਪੰਜਾਬ ਵੱਲੋਂ ਹਵਾਈ ਹਾਦਸੇ ਦੇ ਮਿਰਤਕਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ

## ਏਅਰ ਇੰਡੀਆ ਹਵਾਈ ਹਾਦਸਾ ਇਕ ਅਭੁੱਲ ਘਟਨਾ- ਫੁਰਮਾਨ ਸਿੰਘ ਸੰਧੂ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ )-** ਅਹਿਮਦਾਬਾਦ ਵਿਚ ਹੋਏ ਏਅਰ ਇੰਡੀਆ ਹਵਾਈ ਹਾਦਸੇ ਨੂੰ ਮੰਦਭਾਗਾ ਦੱਸਦਿਆਂ ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਨੇ ਕਿਹਾ ਕਿ ਇਹ ਜਹਾਜ਼ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਸਮੇਤ 242 ਯਾਤਰੀਆਂ ਨੂੰ ਲੈ ਕੇ ਲੰਡਨ ਜਾ ਰਿਹਾ ਸੀ ਇਸ ਜਹਾਜ ਵਿਚ 169 ਭਾਰਤੀ, 53 ਬ੍ਰਿਟਿਸ਼, 7 ਪੁਰਤਗਾਲੀ,ਇਕ ਕਨੇਡਾ ਵਾਸੀ ਅਤੇ ਬਾਕੀ ਅਮਲਾ ਸਵਾਰ ਸੀ ਜੋਂ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਘਟਨਾ ਦੀ ਖ਼ਬਰ ਅੱਗ ਵਾਲ ਫੈਲ ਗਈ। ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਨੇ ਇਸ ਘਟਨਾ ਤੇ ਡੂੰਘਾ ਅਫਸੋਸ ਪ੍ਰਗਟ ਕਰਦਿਆਂ ਇਸ ਨੂੰ ਕਦੇ ਨਾ ਭੁੱਲਣਯੋਗ ਘਟਨਾ ਦੱਸਿਆ ਉਨ੍ਹਾਂ ਕਿਹਾ ਕਿ ਅਸੀਂ ਇਸ ਹਾਦਸੇ ਦੇ ਮ੍ਰਿਤਕ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਾ। ਕਿਸੇ ਹਾਦਸੇ ਤੋਂ ਅਣਜਾਣ ਇਹ ਯਾਤਰੀ ਆਪੋ ਆਪਣੀ ਮੰਜ਼ਿਲ ਵੱਲ ਕਿਨੇ ਚਾਅ ਨਾਲ



ਨਿਕਲੇ ਹੋਣਗੇ। ਇਸ ਹਾਦਸੇ ਨੇ ਕਰੋੜਾਂ ਦਿਲਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਹਾਦਸੇ ਵਿੱਚ ਮਰਨ ਵਾਲਿਆਂ ਦਾ ਵਿਛੋੜਾ ਅਸਹਿ ਅਤੇ ਅਕਹਿ ਹੈ, ਸੰਧੂ ਨੇ ਕਿਹਾ ਕਿ ਇਸ ਹਾਦਸੇ ਦੀ ਜ਼ਿੰਮੇਵਾਰੀ ਸਮਝਦਿਆਂ ਸਰਕਾਰ ਇਸ ਹਾਦਸੇ ਦੇ ਕਾਰਨਾਂ ਦੀ ਡੂੰਘੀ ਨਾਲ ਜਾਂਚ ਪੜਤਾਲ ਕਰਵਾਏ ਤਾਂ ਕਿ ਭਵਿੱਖ ਕੀਮਤੀ ਜਾਨਾਂ ਅਜਾਈਂ ਨਾ ਜਾਣ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਹਾਦਸਿਆਂ ਨੂੰ ਰੋਕਣਾ ਵੀ ਯਕੀਨੀ ਬਣਾਇਆ ਜਾਵੇ। ਸੰਧੂ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਕਿ ਗਈ ਕਿ ਸਰਕਾਰ ਹਾਦਸੇ ਵਿੱਚ ਮਾਰੇ ਗਏ ਅਤੇ ਜ਼ਖ਼ਮੀ ਹੋਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਰ ਤਰਾਂ ਦਾ ਸਹਿਯੋਗ ਕਰੇ। ਉਨ੍ਹਾਂ ਕਿਹਾ ਕਿ ਅਸੀਂ ਕਰੋੜਾਂ ਭਾਰਤੀਆਂ ਨਾਲ ਇਸ ਦੁਖ ਦੀ ਘੜੀ ਵਿੱਚ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਖੜੇ ਹਾਂ ਤੇ ਉਨ੍ਹਾਂ ਕਿਹਾ ਕਿ ਆਓ ਸਾਰੇ ਮਿਰਤਕਾਂ ਦੀ ਆਤਮਿਕ ਸ਼ਾਂਤੀ ਅਤੇ ਜ਼ਖ਼ਮੀਆਂ ਦੀ ਤੰਦਰੁਸਤੀ ਲਈ ਅਰਦਾਸ ਕਰੀਏ।

# ਸਹਾਇਕ ਸਬ ਇੰਸਪੈਕਟਰ ਨੂੰ 2 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਵਿਜੀਲੈਂਸ ਬਿਊਰੋ ਨੇ ਕੀਤਾ ਗ੍ਰਿਫ਼ਤਾਰ

**ਕਪੂਰਥਲਾ (ਕੌੜਾ )-** ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਜ਼ਿਲ੍ਹਾ ਕਪੂਰਥਲਾ ਦੇ ਥਾਣਾ ਸੁਲਤਾਨਪੁਰ ਲੋਧੀ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏਐਸਆਈ) ਬਲਦੇਵ ਸਿੰਘ ਨੂੰ 2,000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਅੱਜ ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਕਪੂਰਥਲਾ ਦੇ ਇੱਕ ਵਸਨੀਕ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤ ਅਨੁਸਾਰ ਅਦਾਲਤ ਤੋਂ ਅਗਾਊਂ ਜ਼ਮਾਨਤ ਕਰਵਾਉਣ ਤੋਂ ਬਾਅਦ ਸ਼ਿਕਾਇਤਕਰਤਾ ਨੂੰ ਪੁਲਿਸ ਤਫ਼ਤੀਸ਼ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦੇਣ ਲਈ ਮੁਲਜ਼ਮ ਏਐਸਆਈ ਨੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਬਾਅਦ ਵਿੱਚ ਇਸ ਪੁਲਿਸ ਮੁਲਾਜ਼ਮ ਨੇ ਉਕਤ ਮਕਸਦ



ਲਈ 5000 ਰੁਪਏ ਦੇਣ ਦੀ ਮੰਗ ਕੀਤੀ ਪਰ ਸ਼ਿਕਾਇਤਕਰਤਾ ਵੱਲੋਂ ਲਗਾਤਾਰ ਮਿੰਨਤਾਂ ਕਰਨ ਪਿੱਛੋਂ ਉਸਨੇ 2000 ਰੁਪਏ ਰਿਸ਼ਵਤ ਸਵੀਕਾਰ ਕਰ ਲਈ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸੱਚ ਪਾਏ ਗਏ ਜਿਸ ਤੋਂ ਬਾਅਦ ਉਪਰੋਕਤ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪ੍ਰਸਿੱਧ ਕੀਰਤਨੀਏ ਭਾਈ ਇੰਦਰਜੀਤ ਸਿੰਘ ਖਾਲਸਾ ਬੰਬੇ ਵਾਲਿਆਂ ਦੀ ਮ੍ਰਿਤਕ ਦੇਹ ਸੋਮਵਾਰ ਨੂੰ ਇੰਗਲੈਂਡ ਤੋਂ ਅਮਰੀਕਾ ਲਈ ਹੋਵੇਗੀ ਰਵਾਨਾ

**ਮੰਗਲਵਾਰ ਨੂੰ ਅਮਰੀਕਾ ਪੁੱਜਣ ਉਪਰੰਤ ਕੀਤਾ ਜਾਵੇਗਾ ਅੰਤਿਮ ਸਸਕਾਰ ਅਤੇ ਗੁਰਦੁਆਰਾ ਫਰਿਮੋਟ ਵਿਖੇ ਹੋਵੇਗੀ ਉਨ੍ਹਾਂ ਨਮਿੱਤ ਅੰਤਿਮ ਅਰਦਾਸ**





**ਪ੍ਰਸਿੱਧ ਕੀਰਤਨੀਏ ਭਾਈ ਇੰਦਰਜੀਤ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਭਗਵਾਨ ਸਿੰਘ ਜੋਹਲ। ਅਤੇ (ਇਨਸੈਂਟ) ਚ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਬੰਬੇ ਵਾਲਿਆਂ ਦੀ ਪੁਰਾਣੀ ਤਸਵੀਰ। ਤਸਵੀਰਾਂ:-ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ),** (ਸੁਖਜਿੰਦਰ ਸਿੰਘ ਢੱਡੇ)- ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਜੀ ਦੇ ਹਜ਼ੂਰੀ ਰਾਗੀ ਅਤੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੇ ਸਾਬਕਾ ਹੈਡ ਗ੍ਰੰਥੀ ਸਿੰਘ ਸਾਹਿਬ ਭਾਈ ਜਸਵਿੰਦਰ ਸਿੰਘ ਜੀ ਦੇ ਭਰਾਤਾ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਬੰਬੇ ਵਾਲੇ, ਜੋ ਕਿ ਕੁਝ ਦਿਨ ਪਹਿਲਾਂ ਆਪਣੇ ਕੀਰਤਨੀ ਜਥੇ ਸਮੇਤ ਅਮਰੀਕਾ ਤੋਂ ਇੰਗਲੈਂਡ ਚ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਲੜ ਲਾਉਣ ਲਈ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਚ ਕੀਰਤਨ ਦੀਆਂ ਸੇਵਾਵਾਂ ਨਿਭਾਉਣ ਲਈ ਇੰਗਲੈਂਡ ਆਏ ਸਨ। ਜਿਨਾਂ ਦਾ ਇੰਗਲੈਂਡ ਚ ਕੀਰਤਨ ਦੀਆਂ ਸੇਵਾਵਾਂ ਨਿਭਾਉਣ ਦੌਰਾਨ ਅਚਾਨਕ ਦੇਹਾਂਤ ਹੋ ਗਿਆ ਸੀ, ਉਹਨਾਂ ਦੀ ਮ੍ਰਿਤਕ ਦੇਹ ਸੋਮਵਾਰ ਨੂੰ ਇੰਗਲੈਂਡ ਤੋਂ ਅਮਰੀਕਾ ਰਵਾਨਾ ਕੀਤੀ ਜਾਵੇਗੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨਾਂ ਦੇ ਸਪੁੱਤਰ ਮਨਪ੍ਰੀਤ ਸਿੰਘ ਅਤੇ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਮ੍ਰਿਤਕ ਦੇਹ ਸੋਮਵਾਰ ਜਾਂ ਮੰਗਲਵਾਰ ਨੂੰ ਇੰਗਲੈਂਡ ਤੋਂ ਅਮਰੀਕਾ ਦੇ ਸ਼ਹਿਰ ਕੈਲੀਫੋਰਨੀਆ ਲਿਜਾਈ ਜਾਵੇਗੀ, ਜਿੱਥੇ ਕਿ ਉਹਨਾਂ ਦਾ ਅੰਤਿਮ ਸੰਸਕਾਰ ਕਰਨ ਉਪਰੰਤ ਗੁਰਦੁਆਰਾ ਫਰੀਮੋਂਟ (ਅਮਰੀਕਾ) ਵਿਖੇ ਉਨਾਂ ਨਮਿੱਤ ਰੱਖੇ ਗਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ। ਉਹਨਾਂ ਦੇ ਸਪੁੱਤਰਾਂ ਨੇ ਦੱਸਿਆ ਕਿ ਅੰਤਿਮ ਸੰਸਕਾਰ ਅਤੇ ਅੰਤਿਮ ਅਰਦਾਸ ਦਾ ਸਮਾਂ ਅਤੇ ਦਿਨ ਉਹਨਾਂ ਦੀ ਮ੍ਰਿਤਕ ਦੇਹ ਅਮਰੀਕਾ ਪੁੱਜਣ ਤੋਂ ਬਾਅਦ ਉਲੀਕਿਆ ਜਾਵੇਗਾ। ਪ੍ਰਸਿੱਧ ਕੀਰਤਨੀਏ ਭਾਈ ਇੰਦਰਜੀਤ ਸਿੰਘ ਖਾਲਸਾ ਬੰਬੇ ਵਾਲਿਆਂ ਦੇ ਅਕਾਲ ਚਲਾਣੇ ਤੇ ਉਹਨਾਂ ਦੇ ਪਰਿਵਾਰ ਨਾਲ ਹਮਦਰਦੀ ਜਾਹਿਰ ਕਰਨ ਲਈ ਉਚੇਚੇ ਤੌਰ ਤੇ ਪੰਜਾਬ ਤੋਂ ਇੰਗਲੈਂਡ ਪੁੱਜੇ ਪ੍ਰਸਿੱਧ ਸਿੱਖ ਵਿਦਵਾਨ ਅਤੇ ਸਿੱਖ ਚਿੰਤਕ ਸ: ਭਗਵਾਨ ਸਿੰਘ ਜੋਹਲ ਨੇ ਭਾਈ ਇੰਦਰਜੀਤ ਸਿੰਘ ਜੀ ਬੰਬੇ ਵਾਲਿਆਂ ਦੇ ਬੇਵਕਤ ਅਕਾਲ ਚਲਾਣੇ ਤੇ ਉਹਨਾਂ ਦੇ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਰਹਿ ਰਹੇ ਸਪੁੱਤਰਾਂ ਅਤੇ ਪਰਿਵਾਰ ਨਾਲ ਹਮਦਰਦੀ ਜਾਹਿਰ ਕੀਤੀ, ਅਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨਾਂ ਦੀ ਇਸ ਬੇਵਕਤ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ: ਭਗਵਾਨ ਸਿੰਘ ਜੋਹਲ ਨੇ ਕਿਹਾ ਕਿ ਸਿੰਘ ਸਾਹਿਬ ਭਾਈ ਇੰਦਰਜੀਤ ਸਿੰਘ ਜੀ ਖਾਲਸਾ ਬੰਬੇ ਵਾਲੇ ਬਹੁਤ ਹੀ ਰਸ ਭਿੰਨੇ ਅਤੇ ਅਥਾਹ ਗਿਆਨ ਵਾਲੇ ਕੀਰਤਨੀਏ ਸਨ,ਜਿਨਾਂ ਨੂੰ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਸੰਗਤਾਂ ਦਾ ਅਥਾਹ ਪਿਆਰ ਤੇ ਸਤਿਕਾਰ ਮਿਲਿਆ।ਸ ਜੌਹਲ ਨੇ ਕਿਹਾ ਕਿ ਜਿੱਥੇ ਉਹਨਾਂ ਦੇ ਇਸ ਬੇਵਕਤ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਘਾਟਾ ਪਿਆ ਹੈ, ਉੱਥੇ ਉਹਨਾਂ ਦੇ ਕੀਰਤਨ ਤੋਂ ਪ੍ਰਭਾਵਿਤ ਉਹਨਾਂ ਦੀ ਕਲਾ ਦੀ ਕਦਰ ਕਰਨ ਵਾਲੀਆਂ ਸੰਗਤਾਂ ਨੂੰ ਵੀ ਵੱਡਾ ਘਾਟਾ ਪਿਆ ਹੈ, ਜੋ ਕਦੇ ਵੀ ਪੂਰਾ ਨਹੀਂ ਹੋਵੇਗਾ।

# ਜਵੱਦੀ ਟਕਸਾਲ ਵਿਖੇ ਮੀਰੀ-ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**-ਪਰਮ ਸੰਤ ਬਾਬਾ ਸੁਚਾ ਸਿੰਘ ਜੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਸਿਰਜਿਤ ਅਤੇ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਮੀਰੀ-ਪੀਰੀ ਦੇ ਮਾਲਕ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸ਼੍ਰੀ ਅਖੰਡ-ਪਾਠ ਦੇ ਭੋਗ ਪਾਏ ਉਪਰੰਤ ਗੁਰਮਤਿ ਸਮਾਗਮ ਸਜਿਆ, ਜਿਸ ਵਿੱਚ ਟਕਸਾਲ ਦੇ ਹਜ਼ੂਰੀ ਕੀਰਤਨੀਏ ਭਾਈ ਭਰਤ ਸਿੰਘ ਦੇ ਜੱਥੇ ਵੱਲੋਂ ਤੰਤੀ ਸਾਜਾਂ ਨਾਲ ਗੁਰਬਾਣੀ ਕੀਰਤਨ ਕੀਤੇ। ਉਪਰੰਤ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਗੁਰੂ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਅਹਿਮ ਪੱਖਾਂ ਨੂੰ ਵਿਚਾਰਦਿਆਂ ਮੀਰੀ-ਪੀਰੀ ਦੇ ਪੱਖ ਨੂੰ ਪ੍ਰਮੁੱਖਤਾ ਨਾਲ ਲੈਂਦਿਆਂ ਕਿਹਾ ਕਿ "ਮੀਰੀ-ਪੀਰੀ" ਮਨੁੱਖੀ ਸ਼ਖਸ਼ੀਅਤ ਦੀ ਸੰਪੂਰਨਤਾ ਦਾ ਪ੍ਰਤੀਕ, ਧਰਮ ਦੀ ਵਿਆਪਕਤਾ ਦਾ ਆਧਾਰ, ਆਦਰਸ਼ਕ ਰਾਜਨੀਤੀ, ਨਰੋਏ ਸਮਾਜ ਅਤੇ ਹਲੀਮੀ ਰਾਜ ਦਾ ਮਾਡਲ ਹੈ। ਜਿਸਦਾ ਗੁਰਬਾਣੀ ਅੰਦਰ ਸਿਧਾਂਤ ਰੂਪ 'ਚ ਵਿਸਤਰਿਤ ਵਿਆਖਿਆ ਮਿਲਦੀ ਹੈ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੀਵਨ ਦਾ ਪ੍ਰਤੱਖ ਰੂਪ ਸਾਹਮਣੇ ਆਉਂਦਾ ਹੈ। ਬਾਬਾ ਜੀ ਨੇ ਕਿਹਾ ਕਿ ਅਜੋਕੇ ਸਮੇਂ 'ਚ ਧਰਮ ਅਤੇ ਰਾਜਨੀਤੀ ਦੇ ਸੰਬੰਧ ਵਿੱਚ ਮੀਰੀ- ਪੀਰੀ ਦਾ ਸੰਕਲਪ ਹੀ ਉਸਾਰੂ ਸੇਧ ਦੇਣ ਦੇ ਸਮਰੱਥ ਹੈ। ਉਨ੍ਹਾਂ ਲੰਘੇ ਵਕਤ ਅਤੇ ਮੌਜੂਦਾ ਹਾਲਾਤਾਂ ਦਾ ਜ਼ਿਕਰ ਕਰਦਿਆਂ ਫ਼ੁਰਮਾਇਆ ਕਿ "ਧਰਮ ਦੀ ਰਾਖੀ ਲਈ ਰਾਜ ਰੂਪੀ ਵਾੜ ਦਾ ਹੋਣਾ ਜਰੂਰੀ ਹੈ, ਇਸੇ ਦੂਰ ਅੰਦੇਸ਼ੀ ਤਹਿਤ ਗੁਰੂ ਸਾਹਿਬ ਜੀ ਨੇ ਮੀਰੀ ਦੇ ਨਾਲ ਪੀਰੀ ਦੀ ਕਿਰਪ-ਾਨ ਧਾਰਨ ਕਰਕੇ ਪਾਤਸ਼ਾਹੀ ਦਾਅਵੇ ਹਲਤ ਮੁਖੀ ਪ੍ਰਭੁਤਾ ਨੂੰ ਸਪੱਸ਼ਟ ਕਰ ਦਿੱਤਾ ਸੀ। ਇਸ ਲਈ ਧਰਮ ਅਤੇ ਰਾਜਨੀਤੀ ਵਿਚਕਾਰ ਇਕਸੁਰਤਾ ਹੀ ਲੋਕ ਰਾਜ ਦਾ ਆਦਰਸ਼ ਹੋ ਸਕਦਾ ਹੈ। ਧਰਮ ਅਤੇ ਰਾਜਨੀਤੀ ਵਿੱਚ ਇਕਸੁਰਤਾ ਹੋਣ ਦੇ ਬਾਵਜੂਦ ਇਹਨਾਂ ਦੋਹਾਂ ਦੇ ਅਧਿਕਾਰ ਖੇਤਰ ਵੱਖੋ-ਵੱਖਰੇ ਹਨ। ਰਾਜਨੀਤੀ ਨੇ ਧਰਮ ਦੀ ਯੋਗ ਅਗਵਾਈ ਵਿੱਚ ਕਾਰਜਸ਼ੀਲ ਰਹਿਣਾ ਹੈ। ਕਿਉਂਕਿ ਦਾਰਸ਼ਨਿਕ ਪੱਧਰ ਤੇ ਮੀਰੀ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਤੱਕ ਸੀਮਤ ਹੈ ਇਸ ਲਈ ਮੀਰੀ ਦੀ ਪੂਰੇ ਵਿਸ਼ਵ ਉੱਪਰ ਰਾਜ ਕਰਨ ਦੀ ਲਾਲਸਾ ਨੇ ਮਨੁੱਖਤਾ ਨੂੰ ਬੜੇ ਭਿਆਨਕ ਦੁੱਖ ਦਿੱਤੇ । ਪੀਰੀ ਚੌਥੇ ਦਰਜੇ ਦਾ ਗੁਣ ਹੈ ਜਿਸ ਨੂੰ ਸਹਿਜ ਅਵਸਥਾ ਕਹਿੰਦੇ ਹਨ । ਪੀਰੀ ਦੀ ਅਗਵਾਈ ਵਿੱਚ ਮੀਰੀ ਦੇ ਤਿੰਨ ਗੁਣ ਸੰਤੁਲਨ ਵਿੱਚ ਆ ਜਾਂਦੇ ਹਨ ਇਸ ਤਰ੍ਹਾਂ ਰੂਹਾਨੀ ਸਦਾਚਾਰਕ ਅਤੇ ਪਦਾਰਥਕ ਇਕਸੁਰਤਾ ਵਿੱਚੋਂ ਮਨੁੱਖੀ ਬਰਾਬਰੀ ਪਰਉਪ-ਕਾਰ ਸਮਾਜ ਸੇਵਾ ਦਇਆ ਇਨਸਾਫ ਆਦਿ ਗੁਣਾਂ ਵਾਲੇ ਹਲੀਮੀ ਰਾਜ ਦਾ ਸੁਪਨਾ ਸਕਾਰ ਹੁੰਦਾ ਹੈ । ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਰਪਾਨਾ ਨੂੰ ਮੀਰੀ-ਪੀਰੀ ਦੋਨਾਂ ਦੇ ਪ੍ਰਤੀਕ ਵਜੋਂ ਵਰਤ ਕੇ ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੰਤ ਸਿਪਾਹੀ ਦੇ ਨਿਵੇਕਲੇ ਸਰੂਪ ਨੂੰ ਪ੍ਰਤੱਖ ਰੂਪ ਵਿੱਚ ਪ੍ਰਗਟ ਕੀਤਾ।

# ਪਿੰਡ ਰਾਮੇਵਾਲ ਚ ਸਲਾਨਾ ਜੋੜ ਮੇਲਾ ਸ਼ਹੀਦ ਬਾਬਾ ਜਾਗਰ ਸਿੰਘ ਦਾ ਧੂਮਧਾਮ ਨਾਲ ਮਨਾਇਆ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਪਿੰਡ ਰਾਮੇਵਾਲ ਚ ਸਲਾਨਾ ਜੋੜ ਮੇਲਾ ਸ਼ਹੀਦ ਬਾਬਾ ਜਾਗਰ ਸਿੰਘ ਜੀ ਦਾ ਧੂਮਧਾਮ ਨਾਲ ਮਨਾਇਆ । ਇਸ ਮੌਕੇ ਵੱਡੀ ਗਿਣਤੀ ਵਿੱਚ ਸੁਭਾਗੀ ਘੜੀ ਦੇ ਵਿਚ ਸੰਗਤਾਂ ਨੇ ਇਤਿਹਾਸਕ ਸਥਾਨ ਤੇ ਨਤਮ-ਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਬਕਾ ਸਰਪੰਚ ਜਗਦੀਸ਼ ਸਿੰਘ ਰਾਮੇਵਾਲ ਨੇ ਦੱਸਿਆ ਕਿ ਸਰਦਾਰ ਪਾਖਰ ਸਿੰਘ ਬੀਬੀ ਹਰਨਾਮ ਕੌਰ, ਸਮੁੱਚਾ ਪਰਿਵਾਰ ਸ਼ਹੀਦ ਬਾਬਾ ਜਾਗਰ ਸਿੰਘ, ਸੰਤ ਬਾਬਾ ਰਾਮ ਦਾਸ, ਸ਼ਹੀਦ ਬਾਬਾ ਦੀਪ ਸਿੰਘ, ਦੀ ਯਾਦ ਵਿੱਚ ਜਸਪਾਲ ਸਿੰਘ ਕਾਲਾ ਬੀਬੀ ਦਵਿੰਦਰ ਕੌਰ , ਗੁਰਮੇਜ ਸਿੰਘ, ਸੋਹਣ ਸਿੰਘ ਅਤੇ ਸਾਰੇ ਪਰਿਵਾਰ ਵਲੋਂ ,5 ਪਾਠਾਂ ਦੀ ਲੜੀ ਦੇ ਭੋਗ ਪਾਏ ਗਏ ਉੱਪਰੰਤ ਅਮਨਦੀਪ ਸਿੰਘ ਫਰਵਾਲੇ ਵਾਲਿਆਂ ਦੇ ਢਾਡੀ ਜਥੇ ਨੇ ਸੰਗਤ ਨੂੰ ਗੁਰੂ, ਗੁਰਬਾਣੀ, ਗੁਰੂ ਘਰ ਅਤੇ ਗੁਰਬਾਣੀਂ ਨਾਲ ਜੁੜਨ ਦਾ ਸੱਦਾ ਦਿੱਤਾ । ਉਹਨਾਂ ਸ਼ਹੀਦ ਬਾਬਾ ਦੀਪ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਪੁੱਤਰਾਂ ਦੀ ਲਾਸਾਨੀ ਸ਼ਹਾਦਤ ਬਾਰੇ ਪ੍ਰਸੰਗ ਪੇਸ਼ ਕੀਤੇ। ਇਸ ਮੌਕੇ ਤੇ ਹਲਕਾ ਨਕੋਦਰ ਦੇ ਕਾਂਗਰਸ ਦੇ ਇੰਚਾਰਜ ਡਾਕਟਰ ਨਵਜੋਤ ਸਿੰਘ ਦਾਹੀਆ, ਹੈਪੀ ਸੰਧੂ ਪ੍ਰਧਾਨ ਟਰੱਕ ਯੂਨੀਅਨ



ਪੰਜਾਬ, ਗੁਰਮੀਤ ਸਿੰਘ ਥੰਮਨਵਾਲ, ਚਰਨ ਸਿੰਘ ਰਜੋਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਮੋਹਨ ਸਿੰਘ, ਸਰਬਜੀਤ ਸਿੰਘ ਸਾਬਾ, ਕੁਲਵਿੰਦਰ ਸਿੰਘ, ਜੁਗਰਾਜ ਸਿੰਘ, ਲਾਡੀ ਸਰਪੰਚ, ਗੁਰਦੀਪ ਸਿੰਘ ਦੀਪਾ, ਗੁਰਪ੍ਰੀਤ ਸਿੰਘ ਗੋਪੀ ਭਿੰਦਾ ਰਾਮੇਵਾਲ, ਗੁਰਪਾਲ ਸਿੰਘ ਸਾਬਕਾ ਸਰਪੰਚ ਕੰਦੋਲਾ ਕਲਾਂ, ਦੇਵੀ ਰਾਮੇਵਾਲ, ਰਣਜੀਤ ਸਿੰਘ ਰਾਣਾ, ਵੀਰੂ ਨਾਹਲ,ਪੰਡਿਤ ਸੁਖਦੇਵ ਕੁਮਾਰ, ਨਿਰਮਲ ਸਿੰਘ ਸਰਪੰਚ ਨਿਹਾਲ ਗੋਰਸੀਆਂ, ਪ੍ਰਿੰਸੀਪਲ ਅਨਿਲ ਚੰਨਣ ਅਤੇ ਔਰਤਾਂ ਇਲਾਕਾ ਨਿਵਾਸੀਆਂ ਨੇ ਹਾਜ਼ਰੀ ਲਗਵਾਈ।

# ਨਸ਼ਾ ਮਨੁੱਖ ਤੇ ਉਸਦੀ ਜ਼ਿੰਦਗੀ ਦੋਵਾਂ ਨੂੰ ਬਰਬਾਦ ਕਰ ਦਿੰਦੇ ਹਨ - ਸੰਤ ਤੇਜਾ ਸਿੰਘ ਜੀ ਖੁੱਡਾ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਸ਼ੇ ਮਨੁੱਖ ਦੀ ਜ਼ਿੰਦਗੀ ਬਰਬਾਦ ਕਰ ਦਿੰਦੇ ਹਨ ਅਤੇ ਨਸ਼ੇ ਕਰਨ ਵਾਲਾ ਵਿਅਕਤੀ ਕਿਸੇ ਦੀ ਭਲਾਈ ਨਹੀਂ ਕਰ ਸਕਦਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਡੇਰਾ ਗੁਰੂਸਰ ਖੁੱਡਾ ਜੌੜੀਆਂ ਢਾਬਾ ਵਿਖੇ ਮੁੱਖ ਸੇਵਾਦਾਰ ਤੇ ਪ੍ਰਾਚੀਨ ਨਿਰਮਲ ਮਹਾਂ ਮੰਡਲ ਦੇ ਕੌਮੀ ਪ੍ਰਧਾਨ ਸੰਤ ਬਾਬਾ ਤੇਜਾ ਸਿੰਘ ਜੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਦੇ ਹੋਏ ਕੀਤਾ । ਇਸ ਮੌਕੇ ਉਨਾਂ ਦੇ ਨਾਲ ਸੰਤ ਸੁਖਜੀਤ ਸਿੰਘ ਅਤੇ ਹਲਕਾ ਟਾਂਡਾ ਤੋਂ ਆਈ ਡੋਨਰ ਚਾਰਜ ਭਾਈ ਵਰਿੰਦਰ ਸਿੰਘ ਮਸੀਤੀ ਵੀ ਮੌਜੂਦ ਸਨ। ਇਸ ਮੌਕੇ ਬਾਬਾ ਤੇਜਾ ਸਿੰਘ ਜੀ ਨੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਨਸ਼ੇ ਜਿੱਥੇ ਸਾਨੂੰ ਸਰੀਰਕ ਤੌਰ ਤੇ ਨੁਕਸਾਨ ਪਹੁੰਚਾਉਂਦੇ ਹਨ ਉੱਥੇ ਹੀ ਨਸ਼ਿਆਂ ਦੇ ਨਾਲ ਸਾਨੂੰ ਮਾੜੀ ਆਰਥਿਕ ਸਥਿਤੀ ਨਾਲ ਵੀ ਜੂਜਣਾ ਪੈਂਦਾ ਹੈ ਅਤੇ ਨਸ਼ਿਆਂ ਦੀ ਪੂਰਤੀ ਨਾ ਹੋਣ ਕਾਰਨ ਨਸ਼ਾ ਗ੍ਰਸਤ ਆਦਮੀ ਅਪਰਾਧਿਕ ਘਟਨਾਵਾਂ ਨੂੰ ਵੀ ਅੰਜਾਮ ਦਿੰਦਾ ਹੈ। ਇਸ ਮੌਕੇ ਉਨਾਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਸਮਾਜ ਦੀ ਬੇਹਤਰੀ ਅਤੇ ਭਲਾਈ ਵਾਸਤੇ ਅਜਿਹੇ ਸਾਰਥਿਕ ਯਤਨ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਕਰਨੇ ਚਾਹੀਦੇ ਹਨ ਅਤੇ ਅੱਜ ਦੀ ਨੌਜਵਾਨ ਪੀੜੀ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਉਹਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਸੰਤ ਸੁਖਜੀਤ ਸਿੰਘ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਨੌਜਵਾਨ ਨਾਨੂ ਨਸ਼ਿਆਂ ਅਤੇ ਹੋਰ ਭੈੜੀਆਂ ਅਲਾਮਤਾਂ ਦਾ ਤਿਆਗ ਕਰਕੇ ਸਮਾਜ ਦੀ ਬਿਹਤਰੀ ਵਾਸਤੇ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਸ਼ਕਰ ਸਿੰਘ ਖੁੱਡਾ, ਰਵਿੰਦਰ ਸਿੰਘ, ਹੈਡ ਗ੍ਰੰਥੀ ਜਸਵਿੰਦਰ ਸਿੰਘ, ਕਰਤਾਰ ਸਿੰਘ, ਬਲਜੀਤ ਸਿੰਘ, ਨਿਰਵੈਰ ਸਿੰਘ, ਨਰਿੰਦਰ ਸਿੰਘ, ਦਿਲਦਾਰ ਸਿੰਘ ਨੀਟਾ, ਸੁਖਵਿੰਦਰ ਸਿੰਘ ਖੁੱਡਾ ਜਸਵੀਰ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਬਾਬਾ ਸਾਹਿਬ ਜੀ ਕੇ ਸਨਮਾਨ ਮੇਂ, ਬੀ ਐਸ ਪੀ ਮੈਦਾਨ ਮੇਂ



**ਜਲੰਧਰ( ਚਰਨਜੀਤ ਸੱਲ੍ਹਾਂ )** ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਨੰਗਲ ਵਿੱਚ ਲੱਗੀ ਪ੍ਰਤਿਮਾ ਦੀ ਬੇਅਬਦੀ ਕਰਨ ਵਾਲੇ ਦੋਸ਼ੀ ਕਾਬੂ ਕਰਨ ਤੇ ਬਸਪਾ ਵਲੋਂ ਲਗਾਤਾਰ ਦਿਤੇ ਜਾ ਰਹੇ ਫਿਲੋਰ ਦੇ ਧਰਨੇ ਦੀ ਕੀਤੀ ਸਮਾਪਤੀ ਸਮੇਂ ਬਸਪਾ ਲੀਡਰਸ਼ਿਪ ਬਸਪਾ ਪੰਜਾਬ ਵੱਲੋਂ ਵਰਕਰਾਂ ਸਮਰਥਕਾਂ ਦਾ ਬਹੁਤ ਬਹੁਤ ਧੰਨਵਾਦ ਦਫਤਰ ਸੀਨੀਅਰ ਪੁਲਿਸ ਕਪਤਾਨ, ਜਿਲਾ ਜਲੰਧਰ ਦਿਹਾਤੀ ਜਲੰਧਰ,11-6-2025 ਜਲੰਧਰ ਦਿਹਾਤੀ ਦੀਆ ਪੁਲਿਸ ਟੀਮਾ ਵੱਲੋਂ ਸਪੈਸ਼ਲ ਆਪ੍ਰੇਸ਼ਨ ਦੌਰਾਨ ਪਿੰਡ ਨੰਗਲ,ਫਿਲੌਰ ਵਿਖੇ ਬਾਬਾ ਸਾਹਿਬ ਡਾਂ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਹਾਸਲ ਕੀਤੀ ਵੱਡੀ ਸਫਲਤਾ। ਮਾਣਯੋਗ ਸ੍ਰੀ ਹਰਵਿੰਦਰ ਸਿੰਘ ਵਿਰਕ, ਪੀ.ਪੀ.ਐਸ, ਸੀਨੀਅਰ ਪੁਲਿਸ ਕਪਤਾਨ ਜਲੰਧਰ ਦਿਹਾਤੀ, ਜੀ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਫੜਣ ਲਈ ਪੁਲਿਸ ਦੀਆ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ। ਜਿਹਨਾਂ ਵਿੱਚ ਸ੍ਰੀ ਸਰਵਣ ਸਿੰਘ ਬੱਲ, ਪੀ.ਪੀ.ਐਸ ਉਪ ਪੁਲਿਸ ਕਪਤਾਨ ਸਬ ਡਵੀਜਨ ਫਿਲੌਰ ਸਮੇਤ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਅਤੇ ਸ਼੍ਰੀ ਇੰਦਰਜੀਤ ਸਿੰਘ ਪੀ.ਪੀ.ਐਸ. ਡੀ.ਐਸ.ਪੀ. ਡਿਟੈਕਟਿਵ ਸਮੇਤ ਇੰਸਪੈਕਟਰ ਪੁਸ਼ਪ ਬਾਲੀ ਇੰਚਾਰਜ ਸੀ.ਆਈ.ਏ ਸਟਾਫ ਜਲੰਧਰ ਦਿਹਾਤੀ ਦੀਆ ਵੱਖ ਵੱਖ ਟੀਮਾ ਗਠਨ ਕੀਤਾ ਗਿਆ ਜਿਨਾ ਵੱਲੋ ਮਿਤੀ 01/02-06-2025 ਦੀ ਦਰਮਿਆਨੀ ਰਾਤ ਨੂੰ ਪਿੰਡ ਨੰਗਲ ਵਿਖੇ ਬਾਬਾ ਸਾਹਿਬ ਡਾਂ ਭੀਮ ਰਾਉ ਅੰਬੇਡਕਰ ਸਾਹਿਬ ਜੀ ਦੀ ਪ੍ਰਤਿਮਾ ਦੀ ਬੇਅਦਬੀ ਕਰਨ ਵਾਲੇ ਦੋਸ਼ੀ ਕੁਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਲਾਲ ਸਿੰਘ ਵਾਸੀ ਪਿੰਡ ਕੇਹਰ ਸਿੰਘ ਵਾਲਾ ਥਾਣਾ ਲੋਗੋਂਵਾਲ ਜਿਲਾ ਸੰਗਰੂਰ ਅਤੇ ਰੇਸ਼ਮ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਹਮੀਦੀ ਪੱਤੀ ਮੋਗਾ ਨੇੜੇ ਦਾਣਾ ਮੰਡੀ ਜਿਲਾ ਬਰਨਾਲਾ ਨੂੰ ਤਫ਼ਤੀਸ਼ ਦੌਰਾਨ ਮੁਕੱਦਮਾ ਵਿੱਚ ਨਾਮਜ਼ਦ ਕੀਤਾ ਗਿਆ ਅਤੇ ਦੋਸ਼ੀ ਕੁਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਲਾਲ ਸਿੰਘ ਵਾਸੀ ਪਿੰਡ ਕੇਹਰ ਸਿੰਘ ਵਾਲਾ ਥਾਣਾ ਲੋਗੋਂਵਾਲ ਜਿਲਾ ਸੰਗਰੂਰ ਨੂੰ ਮਿਤੀ 10-06-25 ਨੂੰ ਜਿਲਾ ਬਰਨਾਲਾ ਤੋਂ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਸ਼੍ਰੀ ਹਰਵਿੰਦਰ ਸਿੰਘ ਵਿਰਕ ਪੀ.ਪੀ.ਐਸ. ਐਸ.ਐਸ.ਪੀ. ਜਲੰਧਰ ਦਿਹਾਤੀ ਜੀ ਨੇ ਦੱਸਿਆ ਕਿ ਮਿਤੀ 01/02-06-2025 ਦੀ ਦਰਮਿਆਨੀ ਰਾਤ ਨੂੰ ਨਾ ਮਾਲੂਮ ਵਿਅਕਤੀਆ ਵੱਲੋਂ ਪਿੰਡ ਨੰਗਲ ਵਿਖੇ ਸਥਾਪਿਤ ਬਾਵਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਪ੍ਰਤਿਮਾ ਪਰ ਕਾਲੇ ਰੰਗ ਦੀ ਸਪਰੇ ਕੀਤੀ ਗਈ ਅਤੇ ਪ੍ਰਤਿਮਾ ਦੀ ਬੈਕ ਸਾਈਡ ਤੇ ਸ਼ਢਝ (ਸਿੱਖ ਫਾਰ ਜਸਟਿਸ) ਲਿਖਿਆ ਗਿਆ ਸੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਵਿੱਚ ਵੀ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ। ਜਿਸ ਸਬੰਧੀ ਅਮਰੀਕਾ ਵਿੱਚ ਬੈਠੇ ਸਿੱਖ ਫਾਰ ਜਸਟਿਸ ਦੇ ਚੀਫ (ਜੋ ਸਰਕਾਰ ਵੱਲੋਂ ਪਾਬੰਧੀ ਸ਼ੁਦਾ ਅੱਤਵਾਦੀ ਸੰਸਥਾ ਹੈ) ਗੁਰਪੰਤਵੰਤ ਸਿੰਘ ਪੰਨੂ ਵੱਲੋਂ ਇੱਕ ਵੀਡੀਓ ਸ਼ੋਸ਼ਲ ਮੀਡੀਆ ਦੇ ਵਾਇਰਲ ਕਰਕੇ ਇਸ ਘਟਨਾ ਦੀ ਜਿੰਮੇਵਾਰੀ ਲਈ ਹੈ ਅਤੇ ਇਸ ਘਟਨਾਸਬੰਧੀ ਸਮੂਹ ਧਾਰਮਿਕ ਸਭਾਵਾ ਫਿਲੌਰ ਵੱਲੋ ਦਿੱਤੀ ਦਰਖਾਸਤ ਪਰ ਮੁਕੱਦਮਾ ਨੰਬਰ 167 ਮਿਤੀ 02-06-25 ਜੁਰਮ 299,113 ਭੰਸ਼ 10/13 ਅਫਅ 1967 ਥਾਣਾ ਫਿਲੌਰ ਜਿਲਾ ਜਲੰਧਰ ਦਿਹਾਤੀ ਵਿਖੇ ਸ਼ਢਝ (ਸਿੱਖ ਫਾਰ ਜਸਟਿਸ) ਦੇ ਚੀਫ ਗੁਰਪੰਤਵੰਤ ਸਿੰਘ ਪੰਨੂ ਵਾਸੀ ਅਮਰੀਕਾ ਅਤੇ ਹੋਰ ਨਾਮਲੂਮ ਵਿਅਕਤੀ ਖਿਲਾਫ ਦਰਜ ਰਜਿਸ਼ਟਰ ਕੀਤਾ ਗਿਆ ਸੀ। ਜੋ ਇਸ ਮੁਕੱਦਮਾ ਦੀ ਤਫਤੀਸ਼ ਦੌਰਾਨ, ਦੋਸ਼ੀਆਂ ਕੁਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਲਾਲ ਸਿੰਘ ਵਾਸੀ ਪਿੰਡ ਕੇਹਰ ਸਿੰਘ ਵਾਲਾ ਥਾਣਾ ਲੋਗੋਂਵਾਲ ਜਿਲਾ ਸੰਗਰੂਰ ਅਤੇ ਰੇਸ਼ਮ ਸਿੰਘ ਪੁੱਤਰ ਪਾਲ ਸਿੰਘ ਵਾਸੀ ਪਿੰਡ ਹਮੀਦੀ ਨੇੜੇ ਦਾਣਾ ਮੰਡੀ ਮੋਗਾ ਜਿਲਾ ਬਰਨ-ਾਲਾ ਨੂੰ ਮੁਕੱਦਮਾ ਵਿੱਚ ਨਾਮਜਦ ਕੀਤਾ ਗਿਆ ਸੀ। ਜਲੰਧਰ ਦਿਹਾਤੀ ਪੁਲਿਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਚੱਲੇ ਸ਼ਪੈਸ਼ਲ ਆਪ੍ਰੇਸ਼ਨ ਦੌਰਾਨ ਕੁਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਲਾਲ ਸਿੰਘ ਵਾਸੀ ਪਿੰਡ ਕੇਹਰ ਸਿੰਘ ਵਾਲਾ ਥਾਣਾ ਲੋਗੋਂਵਾਲ ਜਿਲਾ ਸੰਗਰੂਰ ਨੂੰ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ ਅਤੇ ਵਾਰਦਾਤ ਵਿੱਚ ਵਰਤਿਆ ਗਿਆ ਹੈਲਮੇਟ ਬ੍ਰਾਮਦ ਕੀਤਾ। ਜੋ ਮੁਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਅਪਰਾਦਿਕ ਬਿਰਤੀ ਵਾਲਾ ਅਤੇ ਖਾਲਿਸਤਾਨੀ ਪੱਖੀ ਵਿਅਕਤੀ ਹੈ ਜਿਸਦੇ ਖਿਲਾਫ ਪਹਿਲਾਂ ਵੀ ਕਤਲ ਅਤੇ ਗੈਰ ਕਾਨੂੰਨੀ, ਦੇਸ਼ ਵਿਰੋਧੀ ਸਲੋਗਨ (ਸਕੂਲ ਦੀਆ ਕੰਧਾ ਤੇ, ਕਾਲੀ ਮਾਤਾ ਮੰਦਰ ਅਤੇ ਡੀ.ਸੀ ਦਫਤਰ ਤੇ ਝੰਡਾ ਲਗਾਉਣ ਕਰਕੇ) ਪੰਜਾਬ ਅਤੇ ਹਰਿਆਣਾ ਸਟੇਟ ਦੇ ਵੱਖ ਵੱਖ ਥਾਣਿਆ ਵਿੱਚ ਕੇਸ ਦਰਜ ਹਨ।ਜਿਸਨੂੰ ਅੱਜ ਪੇਸ਼ ਅਦਾਲਤ ਕਰਕੇ ਪੁਲਿਸ 5 ਦਿਨ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਬੇਗਮਪੁਰ ਟਾਈਗਰ ਫੋਰਸ ਨੇ ਬਾਬਾ ਸਾਹਿਬ ਜੀ ਦੇ ਸਟੈਚੂਆਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਭੇਜਿਆ ਮੁੱਖ ਮੰਤਰੀ ਨੂੰ ਮੰਗ ਪੱਤਰ

## ਸੰਸਾਰ ਵਿੱਚ 'ਸਿੰਬਲ ਆਫ ਨੌਲਜ਼' ਵਜੋਂ ਜਾਣੇ ਜਾਂਦੇ ਬਾਬਾ ਸਾਹਿਬ ਜੀ ਦੇ ਸਟੈਚੂਆਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਮਾੜੀ ਗੱਲ ਹੈ : ਹੈਪੀ ਫ਼ਤਿਹਗੜ੍ਹ,ਸਤੀਸ਼ ਸ਼ੇਰਗੜ੍ਹ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੀਤੇ ਦਿਨੀਂ ਫਿਲੌਰ ਦੇ ਨੇੜੇ ਪਿੰਡ ਨੰਗਲ ਅਤੇ ਕੋਟ ਫਤੂਹੀ ਦੇ ਨਜਦੀਕ ਪਿੰਡ ਨੂਰਪੁਰ ਜੱਟਾਂ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਸਟੈਚੂ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਬੇਗਮਪੁਰ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜਿਲ੍ਹਾ ਸੀਨੀਅਰ ਮੀਤ ਸਤੀਸ਼ ਕੁਮਾਰ ਸ਼ੇਰਗੜ੍ਹ ਦੀ ਪ੍ਰਧਾਨਗੀ ਹੇਠ ਏ ਡੀ ਸੀ ਅਮਰਬੀਰ ਕੌਰ ਭੁੱਲਰ ਰਾਹੀ ਇੱਕ ਮੰਗ ਪੱਤਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜਿਆ ਗਿਆ ! ਇਸ ਸਬੰਧੀ ਬੇਗਮਪੁਰਾ ਟਾਈਗਰ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਅਤੇ ਜਿਲ੍ਹਾ ਸੀਨੀਅਰ ਮੀਤ ਸਤੀਸ਼ ਕੁਮਾਰ ਸ਼ੇਰਗੜ੍ਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਿਲੌਰ ਦੇ ਪਿੰਡ ਨੰਗਲ ਅਤੇ ਪਿੰਡ ਨੂਰਪੁਰ ਜੱਟਾਂ ਵਿਖੇ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂ ਨੂੰ ਦੂਜੀ ਵਾਰ ਨਿਸ਼ਾਨਾ ਬਣਾ ਕੇ ਉਸ 'ਤੇ ਕਾਲੇ ਰੰਗ ਦੀ ਸਪਰੇਅ ਮਾਰਨ ਦੀ ਘਟਨਾ ਨੇ ਸਮੁੱਚੇ ਵਿਸ਼ਵ ਭਰ ਦੇ ਅੰਬੇਡਕਰਵਾਦੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਵੀ ਡੂੰਘੀ ਸੱਟ ਮਾਰੀ ਹੈ। ਇਸ ਘਟਨਾ ਨਾਲ ਭਾਰਤ ਦੇ ਹਰ ਬਸ਼ਿੰਦੇ ਦੇ ਹਿਰਦੇ ਵਲੂੰਧਰੇ ਗਏ ਹਨ। ਇਸ ਘਟਨਾ ਨਾਲ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਐਸਸੀ ਸਮਾਜ ਦੇ ਮਸੀਹਾ ਡਾ. ਅੰਬੇਡਕਰ ਜੀ ਦਾ ਨਿਰ-ਾਦਰ ਹੋਇਆ ਹੈ। ਵਾਰ-ਵਾਰ ਬਾਬਾ ਸਾਹਿਬ ਦੇ ਸਟੈਚੂ ਦਾ ਨਿਰਾਦਰ ਹੋਣਾ ਬਹੁਤ ਨਿੰਦਣਯੋਗ ਹੈ। ਪੰਜਾਬ ਅੰਦਰ ਐਸਸੀ ਸਮਾਜ ਦੀ ਹਾਲਤ ਤਰਸਯੋਗ ਹੈ। ਆਗੂਆਂ ਨੇ ਕਿਹਾ ਕੀ ਸੰਸਾਰ ਭਰ ਵਿੱਚ 'ਸਿੰਬਲ ਆਫ ਨੌਲਜ਼' ਵਜੋਂ ਜਾਣੇ ਜਾਂਦੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਸਟੈਚੂਆਂ ਨੂੰ ਨਿਸ਼ਾਨਾ ਬਣਾਇਆ ਜਾਣਾ ਬਹੁਤ ਮਾੜੀ ਗੱਲ ਹੈ। ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਬਾਬਾ ਸਾਹਿਬ ਭੀਮ ਰਾਉ ਜੀ ਦੇ ਸਟੈਚੂ ਦੀ ਬੇਅਦਬੀ ਕੀਤੀ ਗਈ ਉਸ ਤੋਂ ਉਪਰੰਤ ਜਲੰਧਰ ਵਿੱਚ ਬੇਅਦਬੀ ਕੀਤੀ ਗਈ ਅਤੇ ਉਸ ਤੋਂ ਬਾਅਦ ਹੁਣ ਫਿਲੋਰ ਦੇ ਨੇੜੇ ਪੈਂਦੇ ਪਿੰਡ ਨੰਗਲ ਵਿੱਚ ਇਹ ਥੋੜੇ ਸਮੇਂ ਵਿੱਚ ਹੀ ਦੂਜੀ ਘਟਨਾ ਹੈ। ਉਹਨਾਂ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਉਹਨਾਂ ਨੂੰ ਸਖ਼ਤ ਤੋ ਸਖਤ ਸਜ਼ਾ ਦਿੱਤੀ ਜਾਵੇ, ਉਹਨਾਂ ਕਿਹਾ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਜ਼ਾ ਨਾ ਦਿੱਤੀ ਗਈ ਤਾਂ ਐਸਸੀ ਸਮਾਜ ਨੂੰ ਮਜ਼ਬੂਰਨ ਸੜਕਾਂ ਤੇ ਉਤਰਨਾ ਪਵੇਗਾ ! ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜ ਕੁਮਾਰ ਬੱਧਣ ਜਿਲਾ ਮੀਤ ਪ੍ਰਧਾਨ,ਸੁਖਵਿੰਦਰ ਫਤਿਹਗੜ੍ਹ,ਰਵੀ ਅਤੇ ਸਭੀ ਸੁੰਦਰ ਨਗਰ, ਜੋਤਾ ਜੱਖੂ ਰਹੀਮਪੁਰ,ਰਾਜ ਰਹੀਮਪੁਰ, ਅਨਿਲ ਕੁਮਾਰ ਬੰਟੀ ਪ੍ਰਧਾਨ ਬਲਾਕ ਹਰਿਆਣਾ ਭੂੰਗਾ,ਰਾਜੂ,ਮਨਪ੍ਰੀਤ ਹਰਿਆਣਾ,ਅਰੁਣ ਕੁਮਾਰ ਹਰਿਆਣਾ,ਸਤੀਸ਼ ਹਰਿਆਣਾ,ਸੰਨੀ ਸੀਣਾ, ਭਿੰਦਾ ਸੀਣਾ, ਸੰਦੀਪ ਸੀਣਾ,ਵਿਪਨ ਕੁਮਾਰ ਬਸੀ ਕਲਾਂ,ਵਿਪਨ ਕੁਮਾਰ ਬਿਹਾਲਾ,ਵਿਸ਼ਾਲ ਬਿਹਾਲਾ,ਲਖਵਿੰਦਰ ਬਿਹਾਲਾ,ਲਖਵਿੰਦਰ ਸਿੰਘ, ਵਿਪਨ ਕੁਮਾਰ ,ਆਦਿ ਹਾਜ਼ਰ ਸਨ !



**ਫੋਟੋ ਅਜਮੇਰ ਦੀਵਾਨਾ**

# ਕੁਲਰੌਨਕ ਨੇ ਚੌਥਾ ਜਨਮਦਿਨ ਮਾਤਾ ਗੁਜਰੀ ਕੌਰ ਯਾਦਗਾਰੀ ਵਿਦਿਅਕ ਕੇਂਦਰ ਦੇ ਬੱਚਿਆਂ ਨਾਲ ਮਨਾਇਆ

## ਪੜ੍ਹਾਈ ਹੀ ਮਨੁੱਖ ਨੂੰ ਸਹੀ ਸੇਧ ਦੇ ਸਕਦੀ ਹੈ : ਚੰਡਿਹੋਕ







**ਬਰਨਾਲਾ (ਚੰਡਿਹੋਕ)** ਬੀਤੇ ਦਿਨੀਂ ਸਥਾਨਕ ਦਾਣਾ ਮੰਡੀ ਵਿੱਚ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਉਹਨਾਂ ਦੇ ਪੋਤਰੇ ਕੁਲਰੌਨਕ ਸਿੰਘ ਚੰਡਿਹੋਕ ਦਾ ਜਨਮਦਿਨ ਝੁੱਗੀ ਝੋਪੜੀਆਂ ਵਿਚ ਰਹਿੰਦੇ ਬੱਚਿਆਂ ਨਾਲ ਕੇਕ ਕੱਟ ਕੇ ਮਨਾਇਆ ਗਿਆ। ਇਹਨਾਂ ਬੱਚਿਆਂ ਦੀ ਪੜ੍ਹਾਈ ਮੰਡੀ ਵਿੱਚ ਇਕ ਬੋਹੜ ਥੱਲੇ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਚੈਰੀਟੇਬਲ ਸੁਸਾਇਟੀ ਦੇ ਨੁਮਾਇੰਦਿਆਂ ਇੰਜ. ਭਾਨ ਸਿੰਘ ਜੱਸੀ ਅਤੇ ਤੇਜਿੰਦਰ ਸਿੰਘ ਸਕਰਮੇਂਟੋ ਵੱਲੋਂ ਮਾਤਾ ਗੁਜਰੀ ਕੌਰ ਯਾਦਗਾਰੀ ਵਿਦਿਅਕ ਕੇਂਦਰ ਵਿਚ ਕਰਵਾਈ ਜਾਂਦੀ ਹੈ। ਇਸ ਮੌਕੇ ਕੁਲਰੌਨਕ ਅਤੇ ਪਰਿਵਾਰ ਵੱਲੋਂ ਬੱਚਿਆਂ ਨੂੰ ਕਾਪੀਆਂ ਅਤੇ ਬਿਸਕੁਟ ਵੀ ਵੰਡੇ ਗਏ। ਹਾਜਰ ਅਧਿਆਪਿਕਾ ਮੈਡਮ ਗੁਰਦੀਪ ਕੌਰ ਨੇ ਦੱਸਿਆ ਕਿ ਇਸ ਸੰਸਥਾ ਵਿਚ ਸਿਰਫ ਦੋ ਅਧਿਆਪਕਾਵਾਂ ਹਨ ਜਿਹੜੀਆਂ ਕਰੀਬ 135 ਬੱਚਿਆਂ ਨੂੰ ਪੜ੍ਹਾ ਰਹੀਆਂ ਹਨ ਅਤੇ ਹੁਣ ਛੁੱਟੀਆਂ ਹੋਣ ਕਾਰਨ ਕੁਝ ਬੱਚੇ ਸਕੂਲ ਨਹੀਂ ਆ ਰਹੇ। ਇਸ ਸਮੇਂ ਕਰੀਬ 70 ਬੱਚੇ ਹਾਜਰ ਸਨ। ਤੇਜਿੰਦਰ ਚੰਡਿਹੋਕ ਨੇ ਬੱਚਿਆਂ ਨੂੰ ਮਿਹਨਤ ਕਰਨ ਅਤੇ ਮਨ ਲਾ ਕੇ ਪੜ੍ਹਾਈ ਕਰਨ ਬਾਰੇ ਕਿਹਾ ਕਿ ਪੜ੍ਹਾਈ ਹੀ ਮਨੁੱਖ ਨੂੰ ਸਹੀ ਸੇਧ ਦੇ ਸਕਦੀ ਹੈ। ਇਸ ਮੌਕੇ ਜੁਪਿੰਦਰ ਸਿੰਘ, ਜੈਸਮੀਨ ਕੌਰ, ਗਗਨਦੀਪ ਸਿੰਘ, ਬਨਪ੍ਰੀਤ ਕੌਰ, ਖਾਵਿਸ਼ ਗਰਗ, ਰੀਵਾਨੰਨ, ਅਭਿਰਾਜ ਸਿੰਘ ਆਦਿ ਹਾਜ਼ਰ ਸਨ।

# ਬਹੁਜਨ ਸਮਾਜ ਪਾਰਟੀ 18 ਜੂਨ ਨੂੰ ਕਰੇਗੀ ਗੜਸ਼ੰਕਰ ਚ ਅੰਬੇਡਕਰ ਜੀ ਦੇ ਅਪਮਾਨ ਦੇ ਵਿਰੁੱਧ ਅਤੇ ਸ੍ਰੀ ਖੁਰਾਲਗੜ ਸਾਹਿਬ ਦੀ ਧਰਤੀ ਤੇ ਸ਼ਰਾਬ ਦਾ ਠੇਕਾ ਤੇ ਸ਼ਰਾਬ ਦੀਆਂ ਨਜਾਇਜ਼ ਬਰਾਂਚਾਂ ਬੰਦ ਕਰਾਉਣ ਦੇ ਵਿਰੁੱਧ ਰੋਸ ਪ੍ਰਦਰਸ਼ਨ: ਕਰੀਮਪੁਰੀ

**ਗੜਸ਼ੰਕਰ (ਚਰਨਜੀਤ ਸੱਲ੍ਹਾ)** ਅੱਜ ਬਹੁਜਨ ਸਮਾਜ ਪਾਰਟੀ ਵੱਲੋਂ ਸ਼੍ਰੀ ਖਲਾਲਗੜ੍ਹ ਸਾਹਿਬ ਵਿਖੇ ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਕੀਤੀ ਗਈ ਮੀਟਿੰਗ ਦੇ ਵਿੱਚ ਡਾਕਟਰ ਅੰਬੇਡਕਰ ਜੀ ਦੇ ਬੁੱਤ ਦੀ ਪਿੰਡ ਨੂਰਪੁਰ ਜੱਟਾਂ ਵਿਧਾਨ ਸਭਾ ਹਲਕਾ ਗੜਸ਼ੰਕਰ ਦੇ ਵਿੱਚ ਜੋ ਬੇਅਦਬੀ ਕੀਤੀ ਗਈ ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ ਅਤੇ ਫੈਸਲਾ ਕੀਤਾ ਗਿਆ ਕਿ 18 ਜੂਨ ਨੂੰ ਬਹੁਜਨ ਸਮਾਜ ਪਾਰਟੀ ਗੜਸ਼ੰਕਰ ਵਿਖੇ ਰੋਸ ਪ੍ਰਦਰਸ਼ਨ ਕਰੇਗੀ ਦੋਸ਼ੀਆਂ ਦੀ ਗ੍ਰਿਫਤਾਰੀ ਕਰਵਾਉਣ ਲਈ ਅਤੇ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਧਰਤੀ ਤੋਂ ਸ਼ਰਾਬ ਦੇ ਠੇਕੇ ਅਤੇ ਨਜਾਇਜ਼ ਸ਼ਰਾਬ ਦੀਆਂ ਦੁਕਾਨਾਂ ਨੂੰ ਬੰਦ ਕਰਾਉਣਾ ਅਤੇ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਸੰਗਤਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨੂੰ ਘਰ ਘਰ ਪਹੁੰਚਾਉਣ ਅਤੇ 18 ਤਰੀਕ ਨੂੰ ਠੀਕ ਸਵੇਰੇ 10 ਵਜੇ ਸ਼੍ਰੀ ਖੁਰਾਲਗੜ ਸਾਹਿਬ ਵਿਖੇ ਪਹੁੰਚਣ ਸ੍ਰੀ ਖੁਰਾਲਗੜ੍ਹ ਸਾਹਿਬ ਦੀ ਧਰਤੀ ਤੋਂ ਅਸ਼ੀਰਵਾਦ ਲੈ ਕੇ ਕਾਫਲਾ ਗੜਸ਼ੰਕਰ ਬਲ ਚੱਲੇਗਾ ਸ਼ਹਿਰ ਦੇ ਵਿੱਚ ਰੋਸ ਮਾਰਚ ਹੋਏਗਾ ਧਰਨਾ ਹੋਏਗਾ ਮੈਮਰਡਮ ਦਿੱਤਾ ਜਾਏਗਾ ਪੰਜਾਬ ਦੀ ਗੂੰਗੀ ਬੋਲੀ ਸਰਕਾਰ ਨੂੰ ਝੰਝੋੜਿਆ ਜਾਊਗਾ ਕਾਂਗਰਸ ਅਕਾਲੀ ਬੀਜੇਪੀ ਜੋ ਅੰਬੇਡਕਰ ਦੇ ਬੇਅਦਬੀ ਦੇ ਮੁੱਦੇ ਤੇ ਬਿਲਕੁਲ ਖਾਮੋਸ਼ ਹਨ ਉਹਨਾਂ ਦੇ ਮੂੰਹ ਤੋਂ ਚੇਪੀਆਂ ਲਾਉਣ ਦੀ ਕੋਸ਼ਿਸ਼ ਕੀਤੀ ਜਾਊਗੀ ਅਤੇ ਪੰਜਾਬੀਆਂ ਨੂੰ ਪੰਜਾਬ ਦੇ ਅੰਦਰ ਡਰੱਗ ਮਾਫੀਆ ਦੇ ਖਾਤਮੇ ਲਈ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਸਿੱਖਿਆ ਕ੍ਰਾਂਤੀ ਸਕੂਲਾਂ ਚ 100% ਅਧਿਆਪਕ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕਰਨੇ ਲਈ ਪੰਜਾਬ ਨੂੰ ਕਰਜੇ ਤੇ ਚੱਕਰਵਿਊ ਚੋਂ ਕੱਢਣੇ ਲਈ ਪੰਜਾਬ ਦੀ ਤਰੱਕੀ ਵਿਕਾਸ ਅਤੇ ਸਿਹਤ ਸਿਸਟਮ ਦੇ ਵਿੱਚ ਸੁਧਾਰ ਦੇ ਲਈ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ ਲਈ ਸੱਦਾ ਵੀ ਦਿੱਤਾ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਉਜਾੜਨ ਵਾਲੇ ਆਪ ਕਾਂਗਰਸ ਭਾਜਪਾ ਅਕਾਲੀ ਇਹਨਾਂ ਨੂੰ ਰੱਦ ਕਰਕੇ ਇਸ ਵਾਰ ਨਵਾਂ ਬਦਲ ਬਹੁਜਨ ਸਮਾਜ ਪਾਰਟੀ ਨੂ ਇੱਕ ਮੌਕਾ ਜਰੂਰ ਦੇਣ।





# ਮੁੱਖ ਮੰਤਰੀ ਵੱਲੋਂ ਉਦਯੋਗਿਕ ਕ੍ਰਾਂਤੀ ਦੀ ਦਿਸ਼ਾ 'ਚ ਚੁੱਕੇ ਗਏ ਇਤਿਹਾਸਕ ਕਦਮ - ਕਰਮਜੀਤ ਕੌਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਉਦਯੋਗਿਕ ਤੌਰ 'ਤੇ ਮੋਹਰੀ ਸੂਬਾ ਬਣਾਉਣ ਲਈ ਚੁੱਕੇ ਗਏ ਇਤਿਹ-ਾਸਕ ਕਦਮ ਚੁੱਕੇ ਗਏ ਹਨ, ਜਿਸ ਨਾਲ ਉਦਯੋਗਾਂ ਨੂੰ ਕਾਫੀ ਹੁਲਾਰਾ ਮਿਲ ਰਿਹਾ ਹੈ। ਇਨ੍ਹਾਂ ਨੀਤੀਗਤ ਫੈਸਲਿਆਂ ਦਾ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਇਸ ਨੂੰ 'ਇੱਕ ਨਵੀਂ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ' ਦੱਸਿਆ।



ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਸੋਚ ਅਤੇ ਪੰਜਾਬ ਨੂੰ ਆਰਥਿਕ ਤੌਰ 'ਤੇ ਸਸ਼ਕਤ ਬਣਾਉਣ ਦੀ ਉਨ੍ਹਾਂ ਦੀ ਵਚਨਬੱਧਤਾ ਕਾਰਨ ਉਦਯੋਗਾਂ ਲਈ ਨਿਵੇਸ਼-ਅਨੁਕੂਲ ਮਾਹੌਲ ਤਿਆਰ ਹੋਇਆ ਹੈ। ਹੁਣ ਉਦਯੋਗਾਂ ਲਈ ਪ੍ਰਵਾਨਗੀਆਂ ਸਿਰਫ਼ 45 ਦਿਨਾਂ ਵਿੱਚ ਫਾਸਟ ਟ੍ਰੈਕ ਪੰਜਾਬ ਪੋਰਟਲ ਰਾਹੀਂ ਮਿਲਣਗੀਆਂ, ਜਿਸ ਨਾਲ ਉੱਦਮੀਆਂ ਦਾ ਸਮਾਂ ਅਤੇ ਸਰੋਤ ਦੋਵੇਂ ਦੀ ਬਚਤ ਹੋਵੇਗੀ। ਉਨ੍ਹਾਂ ਕਿਹਾ ਕਿ 125 ਕਰੋੜ ਰੁਪਏ ਤੱਕ ਦੇ ਨਿਵੇਸ਼ ਨੂੰ ਸਿਰਫ਼ 3 ਦਿਨਾਂ ਵਿੱਚ ਮਨਜ਼ੂਰੀ ਦੇ ਦਿੱਤੀ ਜਾਵੇਗੀ ਅਤੇ ਲੈਂਡ ਯੂਜ਼ਰ ਕੰਵਰਜ਼ਨ ਦੀ ਪ੍ਰਕਿਰਿਆ ਵੀ ਸਰਲ ਬਣਾ ਦਿੱਤੀ ਗਈ ਹੈ। ਇਸ ਤੋਂ ਇਲਾਵਾ 260 ਤੋਂ ਵੱਧ ਉਦਯੋਗਿਕ ਪਲਾਟ ਉਪਲਬੱਧ ਕਰਵਾਏ ਗਏ ਹਨ ਅਤੇ 300 ਕਰੋੜ ਰੁਪਏ ਦੀ ਲਾਗਤ ਨਾਲ 52 ਉਦਯੋਗਿਕ ਫੋਕਲ ਪੁਆਇੰਟਾਂ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ, ਜੋ ਕਿ ਪੰਜਾਬ ਸਰਕਾਰ ਦੀ ਉਦਯੋਗਿਕ ਕ੍ਰਾਂਤੀ ਦਾ ਹਿੱਸਾ ਹੈ।

ਚੇਅਰਪਰਸਨ ਨੇ ਕਿਹਾ ਕਿ ਉਦਯੋਗਾਂ ਨੂੰ 250 ਕਰੋੜ ਰੁਪਏ ਤੱਕ ਦੇ ਪ੍ਰੋਤਸਾਹਨ, ਇਮਾਰਤ ਯੋਜਨਾ ਅਤੇ ਸਥਿਰਤਾ ਸਰਟੀਫਿਕੇਟ ਲਈ ਸਵੈ-ਪ੍ਰਮਾਣੀਕਰਨ ਪ੍ਰਣਾਲੀ, 15 ਦਿਨਾਂ ਵਿੱਚ ਜ਼ਮੀਨ ਦੀ ਵਿਵਹਾਰਕਤਾ ਰਿਪੋਰਟ ਅਤੇ ਫਾਇਰ ਐਨਓਸੀ ਲਈ ਸਰਲ ਅਤੇ ਇੱਕ ਵਾਰ ਦੀ ਪ੍ਰਕਿਰਿਆ ਵਰਗੀਆਂ ਸਹੂਲਤਾਂ ਇਸ ਕ੍ਰਾਂਤੀ ਦਾ ਹਿੱਸਾ ਹਨ। ਕਰਮਜੀਤ ਕੌਰ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਕਦਮਾਂ ਨਾਲ ਹੁਸ਼ਿਆਰਪੁਰ ਸਮੇਤ ਪੂਰੇ ਪੰਜਾਬ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਸੂਬਾ ਆਰਥਿਕ ਤੌਰ 'ਤੇ ਹੋਰ ਮਜ਼ਬੂਤ ਹੋਵੇਗਾ।

# ਸ਼ਹਿਰ ਦੇ ਪਹਿਲੇ ਨਾਗਰਿਕ, ਮੇਅਰ ਨੂੰ ਸਤਿਕਾਰ ਨਾ ਦੇ ਕੇ ਸੰਵਿਧਾਨ ਦਾ ਅਪਮਾਨ ਕੀਤਾ ਗਿਆ : ਤਲਵਾੜ

## ਪੰਜਾਬ ਵਿੱਚ ਸਵਾਰਥੀ ਲੋਕਾਂ ਦੀ ਸਰਕਾਰ ਚੱਲ ਰਹੀ ਹੈ

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਭਾਰਤੀ ਸੰਵਿਧਾਨ ਵਿੱਚ, ਦੇਸ਼ ਦੇ ਪਹਿਲੇ ਨਾਗਰਿਕ ਦਾ ਖਿਤਾਬ ਮਾਣਯੋਗ ਰਾਸ਼ਟਰਪਤੀ ਨੂੰ ਦਿੱਤਾ ਗਿਆ ਹੈ ਅਤੇ ਇਸੇ ਤਰ੍ਹਾਂ, ਕਿਸੇ ਵੀ ਸ਼ਹਿਰ ਦੇ ਮੇਅਰ ਜਾਂ ਨਗਰਪਾਲਿਕਾ ਦੇ ਮੁਖੀ ਨੂੰ ਪਹਿਲੇ ਨਾਗਰਿਕ ਦਾ ਖਿਤਾਬ ਦਿੱਤਾ ਗਿਆ ਹੈ ਅਤੇ ਜਦੋਂ ਵੀ ਕੋਈ ਸਰਕਾਰੀ ਪ੍ਰੋਗਰਾਮ ਹੁੰਦਾ ਹੈ, ਤਾਂ ਪ੍ਰੋਟੋਕੋਲ ਅਨੁਸਾਰ, ਜੇਕਰ ਮਾਣਯੋਗ ਰਾਸ਼ਟਰਪਤੀ ਵੀ ਸ਼ਹਿਰ ਵਿੱਚ ਆਏ ਹਨ, ਤਾਂ ਮੇਅਰ ਦੀ ਕੁਰਸੀ ਉਨ੍ਹਾਂ ਦੇ ਨਾਲ ਲਗਾਈ ਜਾਂਦੀ ਹੈ, ਪਰ ਹਾਲ ਹੀ ਵਿੱਚ, ਮਾਣਯੋਗ ਰਾਜਪਾਲ ਦੇ ਹੁਸ਼ਿਆਰਪੁਰ ਵਿੱਚ ਆਉਣ 'ਤੇ, ਮੌਜੂਦਾ ਵਿਧਾਇਕ ਦੀ ਮੌਜੂਦਗੀ ਵਿੱਚ, ਜਿਸ ਤਰ੍ਹਾਂ ਸ਼ਹਿਰ ਦੇ ਪਹਿਲੇ ਨਾਗਰਿਕ, ਨਗਰ ਨਿਗਮ ਦੇ ਮੇਅਰ ਸੁਰੇਂਦਰ ਕੁਮਾਰ ਨੂੰ ਕੁਰਸੀ ਨਾ ਦੇ ਕੇ ਪਿੱਛੇ ਖੜ੍ਹੇ ਹੋਣ ਲਈ ਮਜਬੂਰ ਕੀਤਾ ਗਿਆ, ਉਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਸਵਾਰਥੀ ਲੋਕਾਂ ਦੀ ਸਰਕਾਰ ਚੱਲ ਰਹੀ ਹੈ। ਤਲਵਾੜ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਸਾਰੇ ਪ੍ਰੋਟੋਕੋਲ ਨੂੰ ਦੇਖਣ ਦੀ ਜ਼ਿੰਮੇਵਾਰੀ ਵਿਸ਼ੇਸ਼ ਪ੍ਰਸ਼ਾਸਨਿਕ ਅਧਿਕਾਰੀਆ ਦੀ ਹੁੰਦੀ ਹੈ ਅਤੇ ਉਨ੍ਹਾਂ ਨੇ ਵੀ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਖੁਦ ਇਸ ਪ੍ਰੋਗਰਾਮ ਵਿੱਚ ਕੁਰਸੀ 'ਤੇ ਬੈਠੇ ਸਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੱਤਾ ਵਿੱਚ ਬੈਠੇ ਆਗੂਆਂ ਵੱਲੋਂ ਆਪਣੇ ਵਿਰੋਧੀਆਂ ਦਾ ਅਪਮਾਨ ਕਰਨ ਦੀਆਂ



ਘਟਨਾਵਾਂ ਪਹਿਲਾਂ ਹੀ ਆਮ ਦੇਖਣ ਨੂੰ ਮਿਲੀਆਂ ਹਨ ਪਰ ਹੁਣ ਜਿਸ ਤਰ੍ਹਾਂ ਉਨ੍ਹਾਂ ਦੀ ਆਪਣੀ ਪਾਰਟੀ ਦੇ ਇੱਕ ਸੰਵਿਧਾਨਕ ਅਹੁਦੇ ਤੇ ਬੈਠੇ ਮੇਅਰ ਦਾ ਅਪਮਾਨ ਕੀਤਾ ਹੈ, ਉਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਵਾਗਡੋਰ ਸੌਂਪੀ ਸੀ, ਉਹ ਇਸ ਦੇ ਲਾਇਕ ਨਹੀਂ ਸਨ। ਤਲਵਾੜ ਨੇ ਕਿਹਾ ਕਿ ਉਨ੍ਹਾਂ ਨੇ ਇਹ ਸਾਰੀ ਘਟਨਾ ਇੱਕ ਪੱਤਰ ਰਾਹੀਂ ਮਾਣਯੋਗ ਰਾਜਪਾਲ ਦੇ ਧਿਆਨ ਵਿੱਚ ਵੀ ਲਿਆਂਦੀ ਹੈ ਅਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਉਹਨਾ ਦਾ ਬਣਦਾ ਮਾਨ ਸਨਮਾਨ ਦਿੱਤਾ ਜਾਵੇ ਜਿਸ ਦੇ ਉਹ ਹੱਕਦਾਰ ਹਨ।

**ਫੋਟੋ ਅਜਮੇਰ ਦੀਵਾਨਾ**

# ਹੀਓ ਵਿਖੇ 67ਵਾਂ ਸਲਾਨਾ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ




**ਬੰਗਾ( ਚਰਨਜੀਤ ਸੱਲ੍ਹਾਂ )** 67 ਵਾਂ ਸਲਾਨਾ ਜੋੜ ਮੇਲਾ ਸਤਿਗੁਰ ਰਵਿਦਾਸ ਮਹਾਰਾਜ ਮੰਦਰ ਬੰਗਾ ਰੋਡ ਹੀਉਂ ਵਿਖੇ ਹੋਵੇਗਾ। ਜਿਸ ਵਿੱਚ 17 ਜੂਨ 2025 ਦਿਨ ਮੰਗਲਵਾਰ ਨੂੰ ਬਹੁਤ ਹੀ ਸ਼ਰਧਾਪੂਰਵਕ ਮਨਾਇਆ ਜਾਵੇਗਾ ਜਿਸ ਵਿੱਚ ਮਿਸ਼ਨਰੀ ਕਲਾਕਾਰ ਹਰਨਾਮ ਸਿੰਘ ਬਹਿਲਪੁਰੀ, ਦਵਿੰਦਰ ਬੀਸਲਾ ਅਤੇ ਦਵਿੰਦਰ ਰੂਹੀ ਜੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਮਿਸ਼ਨ ਨਾਲ਼ ਸਬੰਧਤ ਰਚਨਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸੰਤ ਚੰਨ ਰਾਮ ਵੈਦ ਅਤੇ ਸੰਤ ਭਜਨ ਰਾਮ ਵੈਦ ਜੀ ਸਨ ਉਥੋਂ ਦੇ ਕਰਤਾ ਧਰਤਾ ਹੁਣ ਉਹਨਾਂ ਦੀ ਯਾਦ ਵਿੱਚ ਅਤੇ ਗੁਰੂ ਰਵਿਦ-ਾਸ ਮਹਾਰਾਜ ਦੇ ਮਿਸ਼ਨ ਨੂੰ ਸਮਰਪਿਤ ਇਹ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ।ਠੰਡੇ ਮਿੱਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਸਤਿਗੁਰ ਕਬੀਰ ਸਾਹਿਬ ਜੀ ਦੀ ਬਾਣੀ ਇੰਨਕਲਾਬੀ ਬਾਣੀ ਨਾਲ ਸਾਨੂੰ ਜੁੜਨਾ ਚਾਹੀਦਾ ਹੈ: ਡਾ ਨੱਛਤਰ ਪਾਲ






**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਪਿੰਡ ਚੂਹੜਪੁਰ ਵਿਧਾਨ ਸਭਾ ਨਵਾਂ ਸ਼ਹਿਰ ਵਿਖੇ ਸਤਿਗੁਰੂ ਕਬੀਰ ਮਹਾਰਾਜ ਜੀ ਦਾ ਪ੍ਰਗਟ ਦਿਨ ਸੰਤ ਬਾਬਾ 108 ਜਗਦੀਸ਼ ਜੀ ਮਹਾਰਾਜ ਜੀ ਦੀ ਅਗਵਾਈ ਵਿੱਚ ਮਨਾਇਆ ਗਿਆ ਜਿਸ ਵਿੱਚ ਸੰਤ ਸਤਨਾਮ ਦਾਸ ਜੀ ਡੇਰਾ ਬਾਬਾ ਰਾਂਝੂ ਦਾਸ ਗੱਜਰ ਜੀ ਨੇ ਸੰਗਤਾਂ ਨੂੰ ਸਤਿਗੁਰੂ ਕਬੀਰ ਸਾਹਿਬ ਦੀ ਬਾਣੀ ਦੇ ਨਾਲ ਜੋੜਿਆ ਇਸ ਮੌਕੇ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਜੀ ਵਿਸ਼ੇਸ਼ ਤੌਰ ਤੇ ਪਧਾਰੇ ਸਨ ਉਨ੍ਹਾਂ ਕਿਹਾ ਕਿ ਸਾਨੂੰ ਸਤਿਗੁਰੂ ਕਬੀਰ ਸਾਹਿਬ ਜੀ ਦੀ ਇਨਕਲਾਬੀ ਬਾਣੀ ਨਾਲ ਜੁੜਨਾ ਚਾਹੀਦਾ ਹੈ ਜਿਥੇ ਉਹ ਰੂਹਾਨੀਅਤ ਦੀ ਗੱਲ ਕਰਦੇ ਹਨ ਉਥੇ ਹੀ ਉਨ੍ਹਾਂ ਦੀ ਬਾਣੀ ਸਾਨੂੰ ਭੇਦ ਭਾਵ,ਊਚ ਨੀਚ ਵਹਿਮ ਭਰਮ ਜਾਤ ਪਾਤ ਅਤੇ ਪਾਖੰਡਵਾਦ ਤੋਂ ਦੂਰ ਰਹਿਣ ਲਈ ਕਹਿੰਦੀ ਹੈ। ਇਸ ਮੌਕੇ ਉਨ੍ਹਾਂ ਨਾਲ ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ, ਗੁਰਮੁਖ ਸਿੰਘ ਨੌਰਥ ਉਪ ਪ੍ਰਧਾਨ, ਰਾਕੇਸ਼ ਕੁਮਾਰ ਪੀ ਏ ਅਤੇ ਹੋਰ ਵੀ ਵਰਕਰ ਸਨ।

# ਵਿਗਿਆਨਕ ਚੇਤਨਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਚੌਤਰਫੇ ਹੱਲੇ ਖ਼ਿਲਾਫ ਦੇਸ਼ ਭਗਤ ਕਮੇਟੀ ਵੱਲੋਂ ਕਨਵੈਨਸ਼ਨ 28 ਨੂੰ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਵਿਸ਼ੇਸ਼ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ 'ਵਿਸ਼ਵ ਕਾਰਪੋਰੇਟ ਦਾ ਸੰਕਟ, ਲੋਕਾਂ ਉਪਰ ਚੌਤਰਫ਼ਾ ਹੱਲਾ ਅਤੇ ਇਸ ਖ਼ਿਲਾਫ਼ ਕੀ ਕਰਨਾ ਲੋੜੀਏ? ' ਅਤੇ ਮੁੱਢਲੇ ਮਨੁੱਖੀ ਅਤੇ ਸੰਵਿਧਾਨਕ ਅਧਿਕਾਰਾਂ ਉਪਰ ਵੀ ਬੁਲਡੋਜ਼ਰ ਚਾੜ੍ਹ ਰਹੀ ਅਤੇ ਇਸ ਤੋਂ ਵੀ ਅੱਗੇ ਵਧਕੇ ਲੋਕ-ਪੱਖੀ, ਅਗਾਂਹਵਧੂ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਦਾ ਬੀਜ਼ ਨਾਸ਼ ਕਰਨ ਤੇ ਤੁਲੀ ਭਾਜਪਾ ਹਕੂਮਤ ਦੇ ਇਰਾਦਿਆਂ ਖਿਲਾਫ਼ ਚੇਤਨਾ ਅਤੇ ਜਨ ਪ੍ਰਤੀਰੋਧ ਉਸਾਰਨ ਦੇ ਵਧੇਰੇ ਕਾਰਜ਼ ਵਿੱਚ ਆਪਣਾ ਯੋਗਦਾਨ ਪਾਉਣ ਲਈ ਭਵਿੱਖ 'ਚ ਕਮੇਟੀ ਨਿਰੰਤਰ ਵੱਖ-ਵੱਖ ਰੂਪਾਂ 'ਚ ਆਪਣੀਆਂ ਸਰਗਰਮੀਆਂ ਜਾਰੀ ਰੱਖੇਗੀ।

ਇਸ ਲੜੀ ਵਜੋਂ 28 ਜੂਨ ਦਿਨੇ 11:00 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਕਨਵੈਨਸ਼ਨ ਕੀਤੀ ਜਾਵੇਗੀ। ਇਸ ਕਨਵੈਨਸ਼ਨ ਨੂੰ



ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਦਰਸ਼ਨ ਖਟਕੜ ਅਤੇ ਡਾ. ਪਰਮਿੰਦਰ ਸਿੰਘ ਸੰਬੋਧਨ ਕਰਨਗੇ।ਇਸ ਦੀ ਸਫ਼ਲਤਾ ਲਈ ਕਮੇਟੀ ਨੇ ਅੱਜ ਤੋਂ ਹੀ ਪ੍ਰਚਾਰ ਅਤੇ ਲਾਮਬੰਦੀ ਮੁਹਿੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਅੱਜ ਦੀ ਮੀਟਿੰਗ 'ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜ਼ਰ ਸਨ।

## ਸਿਆਣੇ ਦਾ ਕਿਹਾ ਤੇ ਔਲ਼ੇ ਦਾ ਖਾਧਾ


ਮਿੱਠੀ ਬਾਣੀ ਨਾਲ਼ ਨੇ ਵਿਉਪਾਰ ਚੱਲਦੇ ,
ਕੌੜੇ ਬੋਲ ਨਾਲ਼ ਕੋਈ ਕੁੱਝ ਖੱਟੇ ਨਾ ।
ਨਿੱਕੀ ਨਿੱਕੀ ਗੱਲ ਤੋਂ ਕਲੇਸ਼ ਪਾਵੇ ਨਾ ,
ਖ਼ਾਨਦਾਨੀ ਤੀਵੀਂ ਕਦੇ ਘਰ ਪੱਟੇ ਨਾ।
ਜਿਹੜੇ ਨਾ ਕਦਰ ਪਾਉਂਣ ਘਰ ਵਾਲ਼ੀ ਦੀ ,
ਮਿਲ਼ਦਾ ਨਾ ਰੱਜਵਾਂ ਪਿਆਰ ਉਨ੍ਹਾਂ ਨੂੰ ;
ਜਿਹੜੀ ਬਹੂ ਰੋਟੀਆਂ ਪਕਾਵੇ ਗਿਣ ਕੇ ,
ਬਹੁਤਾ ਚਿਰ ਸੱਸ ਸਹੁਰੇ ਨਾਲ਼ ਕੱਟੇ ਨਾ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## "ਮੈਨੂੰ ਤਰਕ ਚਾਹੀਦਾ ਏ"

ਮੈਨੂੰ ਰਾਹ ਦੱਸਣ ਵਾਲਾ ਦੀਵਾ ਨਹੀਂ,
ਮੈਨੂੰ ਚਾਨਣ ਬਣਾਉਣ ਵਾਲੀ ਸੋਚ ਚਾਹੀਦੀ ਏ।
ਮੈਨੂੰ ਅੰਧ ਵਿਸ਼ਵਾਸਾਂ ਦੀ ਬਾਂਹ ਨਹੀਂ,
ਮੈਨੂੰ ਤੱਥਾਂ ਦੀ ਬੁਨਿਆਦ ਚਾਹੀਦੀ ਏ।
ਸਿੱਖਿਆ ਤਾਂ ਸਭ ਹੀ ਸਿੱਖਦੇ ਨੇ,
ਪਰ ਕੀ ਹਰ ਕੋਈ ਸਵਾਲ ਕਰ ਸਕਦਾ ਏ?
ਮੈਂ ਪੁੱਛਣਾ ਚਾਹੁੰਦੀ ਹਾਂ,
ਕਿਉਂ? ਕਿਵੇਂ? ਕਦੋਂ? ਕਿਹੜਾ ਸੱਚ?
ਮੈਨੂੰ ਓਹ ਸੱਚ ਨਹੀਂ ਚਾਹੀਦਾ,
ਜੋ ਦਹਾਕਿਆਂ ਤੋਂ ਰੱਟਿਆ ਗਿਆ ਹੋਵੇ।
ਮੈਨੂੰ ਓਹ ਸੱਚ ਚਾਹੀਦਾ ਏ,
ਜੋ ਤਰਕ ਦੀ ਅੱਗ ਵਿਚ ਰੱੜ ਕੇ ਨਿਖਰਿਆ ਹੋਵੇ।
ਰੱਬ ਹੋਵੇ, ਰੀਤ ਹੋਵੇ ਜਾਂ ਰਿਵਾਜ,
ਜੇ ਉਹ ਤਰਕ ਨਹੀਂ ਝੱਲਦੇ,
ਤਾਂ ਉਹ ਮੇਰੇ ਲਈ ਸਿਰਫ਼ ਕਹਾਣੀਆਂ ਹਨ।
ਸੁਣਨ ਯੋਗ, ਪਰ ਮੰਨਣ ਯੋਗ ਨਹੀਂ।
ਮੈਂ ਢੌਂਗੀ ਦਰਵਾਜ਼ਿਆਂ ਦੇ ਅੰਦਰ,
ਸੱਚ ਦੀ ਚੀਕ ਸੁਣੀ ਏ
ਤੇ ਇਸ ਵਾਰ ਮੈਂ ਓਸੇ ਸੱਚ ਨੂੰ,
ਆਜ਼ਾਦ ਕਰਾਉਣਾ ਚਾਹੁੰਦੀ ਹਾਂ।
ਮੈਨੂੰ ਇਮਾਨਦਾਰੀ ਚਾਹੀਦੀ ਏ
ਪਰ ਤਰਕ ਵਾਲੀ।
ਮੈਨੂੰ ਆਸਥਾ ਚਾਹੀਦੀ ਏ
ਪਰ ਜਾਂਚੀ ਹੋਈ।
ਮੈਨੂੰ ਜੀਵਨ ਚਾਹੀਦਾ ਏ ਅਜਿਹਾ,
ਪਰ ਖੁਦ ਦੀ ਸੋਚ ਵਾਲਾ।



**ਮੰਜੂ ਰਾਇਕਾ।**
**(ਭਿੰਡਰਾਂ)ਸੰਗਰੂਰ।**

## ਗੰਧਲ਼ੀ ਸਿਆਸਤ

ਇਸ ਰਾਜਨੀਤੀ ਨੂੰ ਮੈਂ ਵੀ ਨੇੜਿਓਂ ਤੱਕਿਆ ਹੈ ।
ਮੇਰੀ ਤੋਬਾ ਇਸ ਤੋਂ ਹੁਣ ਮੇਰਾ ਮਨ ਅੱਕਿਆ ਹੈ।
ਸਿਰ ਪੱਗਾਂ ਵਿੱਚ ਫਸਾਈਂ ਫਿਰਨ ।
ਆਪੇ ਉੱਚੇ ਰੁਤਬੇ ਪਾਈਂ ਫਿਰਨ ।
ਹੋਰਾਂ ਦੀ ਮਿੱਟੀ ਵਿੱਚ ਰੋਲ਼ ,
ਇੱਜ਼ਤਾਂ ਦਾ ਢੋਲ ਵਜਾਈਂ ਫ਼ਿਰਨ ।
ਪਾਪਾਂ ਦੀ ਪੰਡ ਹੈ ਸਿਰ 'ਤੇ ਫ਼ਿਰ ਵੀ ,
ਟੌਅਰ ਨਾਲ਼ ਸਿਰ ਚੱਕਿਆ ਹੈ । ਮੇਰੀ ਤੋਬਾ ------------
ਗੱਲ ਗੱਲ 'ਤੇ ਜੋ ਝੂਠ ਬੋਲਦੇ ।
ਲਗਦਾ ਏ ਜਿਵੇਂ ਕੁਫ਼ਰ ਤੋਲਦੇ ।
ਦਿਲਾਂ 'ਚ ਨਫ਼ਰਤ ਰੱਖਣ ਲੁਕਾ ਕੇ ,
ਲੋਕ ਮਨਾਂ ਵਿੱਚ ਜ਼ਹਿਰ ਘੋਲ਼ਦੇ ।
ਪਾ ਪਾ ਕੇ ਚਿੱਕੜ ਸ਼ਰੀਫਾਂ 'ਤੇ ,
ਇਹਨਾਂ ਕਾਸੇ ਜੋਗਾ ਨਾ ਛੱਡਿਆ ਹੈ । ਮੇਰੀ ਤੋਬਾ -------------
ਕਰਦੇ ਰਹਿਣ ਵਿਖਾਵਾ ਬਾਹਲ਼ਾ ।
ਅੰਦਰ ਐਪਰ ਘਾਲ਼ਾ ਮਾਲ਼ਾ ।
ਬਾਹਰੋਂ ਚਿੱਟੇ ਬਗਲਿਆਂ ਵਰਗੇ ,
ਤਨ ਵੀ ਕਾਲ਼ਾ ਮਨ ਵੀ ਕਾਲ਼ਾ ।
ਨਿੱਤ ਐਸੇ ਇਹ ਪ੍ਰਪੰਚ ਕਰਨ ,
ਸ਼ਕੁਨੀ ਵੀ ਪਿੱਛੇ ਛੱਡਿਆ ਹੈ ।
ਮੇਰੀ ਤੋਬਾ ----------------
ਆਖਣ ਲੋਕਾਂ ਦੇ ਨਾਲ਼ ਜੁੜੇ ਰਹੋ ।
ਖ਼ੁਦ ਘਰ ਵੱਲੋਂ ਭਾਵੇਂ ਥੁੜੇ ਰਹੋ ।
ਤੁਸੀਂ ਲੋਕਾਂ ਨੂੰ ਖ਼ੁਸ਼ ਰੱਖਣਾ ਏ ,
ਆਪ ਅੰਦਰੋਂ ਭਾਵੇਂ ਕੁੜ੍ਹੇ ਰਹੋ ।
ਲੋਕਾਂ ਦੀਆਂ ਧੀਆਂ ਧਰਨਿਆਂ ਵਿੱਚ ,
ਅਪਣੀਆਂ ਨੂੰ ਘਰਾਂ 'ਚ ਡੱਕਿਆ ਹੈ । ਮੇਰੀ ਤੋਬਾ --------------
ਪਹਿਲਾਂ ਮੰਨਤ ਨੂੰ ਵੀ ਸੌਕ ਬੜਾ ਸੀ ।
ਤਨ ਮਨ ਅੰਦਰ ਜੋਸ਼ ਬੜਾ ਸੀ ।
ਜੋ ਉਸ ਤੋਂ ਵੀ ਵੱਧ ਜ਼ਰੂਰੀ ਸੀ ,
ਦਿਲ ਅਤੇ ਦਿਮਾਗ਼ 'ਚ ਹੋਸ਼ ਬੜਾ ਸੀ ।
ਜਦ 'ਕੱਲੇ 'ਕੱਲੇ ਦੀ ਪਰਖ਼ ਕਰੀ ,
ਖ਼ੁਦ ਨੂੰ ਇਸ ਰਾਹ ਤੋਂ ਡੱਕਿਆ ਹੈ । ਮੇਰੀ ਤੋਬਾ -------------------



**ਮਨਪ੍ਰੀਤ ਕੌਰ ਢੀਂਡਸਾ ' ਮੰਨਤ '**
**( ਮਲੇਰਕੋਟਲਾ )**

## ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ

ਖਲਕਤ ਦੇ ਵਿੱਚ ਇਸ਼ਕ ਸਮਾਇਆ।
ਹਰ ਇੱਕ ਸ਼ੈ ਵਿੱਚ ਇਸ ਦੀ ਮਾਇਆ।
ਇਸ਼ਕ ਨੇ ਮੋਹਿਆ ਕੁਦਰਤ ਕਾਦਰ ।
ਹਰ ਜਰੇ ਵਿੱਚ ਇਸ਼ਕ ਛੁਪਾਇਆ।
ਪਰਬਤ ਨੂੰ ਤਾਂਘ ਅੰਬਰ ਦੀ ਹੋਈ ।
ਲਹਿਰਾਂ ਸਾਗਰ ਦੀ ਚੁੰਮਣ ਕਾਇਆ ।
ਚਕੋਰ ਛੁਪਕੇ ਚੰਦ ਨੂੰ ਤੱਕਦਾ
ਪਪੀਹਾ ਬੂੰਦ ਨੂੰ ਤਰਸਣ ਲਾਇਆ।
ਜੋਗਣ ਹਰੀ ਦੀ ਮੀਰਾ ਹੋਈ।
ਰਾਜ ਭੋਗ ਸਭ ਛਿਕੇ ਪਾਇਆ।
ਧੰਨਾ ,ਸਧਨਾ, ਪੀਪਾ ਹੱਥ ਜੋੜੇ ,
ਇਸ਼ਕ ਦੇ ਰੰਗ ਵਿੱਚ ਰੰਗੀ ਕਾਇਆ।
ਮਾਫ ਕਰਨਾ ਜੇ ਸੱਚ ਮੈਂ ਆਖਾਂ
ਅੱਜ ਇਸ਼ਕੇ ਅੰਦਰ ਕਾਮ ਸਮਾਇਆ।
ਸ਼ਰਤ ਇਸ਼ਕੇ ਦੀ ਆਬਰੂ ਸੋਦਾ ,
ਗੈਰਤ ਤੋਂ ਬੰਦਾ ਇੰਜ ਗਿਰਾਇਆ।
ਇਸ਼ਕ ਪਵਿੱਤਰ, ਪਾਕ, ਪਾਕੀਜਾ
ਕਾਹ ਤੋਂ ਇਸ਼ਕ ਨੂੰ ਕਾਮ ਬਣਾਇਆ?
ਇਸ਼ਕ ਮਜਾਜੀ ਇਸ ਹੱਦ ਤੱਕ ਅਪੜੇ
ਫਿਰ ਹਰ ਵਿੱਚ ਹੀਰ ਦਾ ਦਿਸਦਾ ਸਾਇਆ।
ਰਾਂਝਾ ਹੀਰ ਤੇ ਹੀਰ ਥੀਵੀ ਰਾਂਝਾ।
ਫਿਰ ਯਾਰੜੇ ਦੇ ਵਿੱਚ ਅੱਲਾ ਪਾਇਆ।
ਫਿਰ ਇਸ਼ਕੇ ਦੇ ਵਿੱਚ ਅੱਲਾ ਪਾਇਆ।



**ਨੀਤੂ ਬਾਲਾ ਕਵਿੱਤਰੀ**



# ਜਹਾਜ ਹਾਦਸੇ 'ਚ ਜਾਨਾਂ ਗਵਾਉਣ ਵਾਲੇ 200 ਤੋਂ ਜਿਆਦਾ ਮੁਸਾਫਰਾਂ ਚੋਂ ਬਚਿਆ ਇਕਲੌਤਾ 38 ਸਾਲਾਂ ਰਮੇਸ਼ ਵਿਸਵਾਸ ਕੁਮਾਰ ਇੰਗਲੈਂਡ ਦੇ ਸ਼ਹਿਰ ਲੈਸਟਰ ਵਸਨੀਕ

## ● ਨਾਲ ਸਫਰ ਕਰ ਰਹੇ ਛੋਟੇ ਭਰਾ ਅਜੇ ਕੁਮਾਰ ਦਾ ਨਹੀਂ ਲੱਗ ਰਿਹਾ ਥੋਹ- ਪਤਾ ● ਰਮੇਸ਼ ਵਿਸਵਾਸ ਕੁਮਾਰ ਦੇ ਲੈਸਟਰ ਸਥਿਤ ਘਰ ਚ ਲੱਗਿਆ ਲੋਕਾਂ ਅਤੇ ਬ੍ਰਿਟਿਸ਼ ਮੀਡੀਏ ਦਾ ਜਮਾਵੜਾ ● 4 ਸਾਲਾਂ ਬੱਚੇ ਦਾ ਪਿਤਾ ਹੈ ਦਲੇਰੀ ਕਰਕੇ ਆਪਣੀ ਜਾਨ ਬਚਾਉਣ ਵਾਲਾ ਰਮੇਸ਼ ਵਿਸਵਾਸ ਕੁਮਾਰ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਵੀਰਵਾਰ ਨੂੰ ਅਹਿਮਦਾਬਾਦ ਤੋਂ ਇੰਗਲੈਂਡ ਦੇ ਗੈਟਵਿਕ ਏਅਰਪੋਰਟ ਲਈ ਰਵਾਨਾ ਹੋਏ ਏਅਰ ਇੰਡੀਆ ਦੇ ਜਹਾਜ਼ ਨੂੰ ਉਡਾਨ ਭਰਨ ਤੋਂ 30 ਸਕਿੰਡ ਬਾਅਦ ਕਰੈਸ ਹੋਣ ਮੌਕੇ ਜਹਾਜ ਵਿੱਚ ਸਵਾਰ 200 ਤੋਂ ਵੱਧ ਮੁਸਾਫਰਾਂ ਦੇ ਮਾਰੇ ਜਾਣ ਦੀ ਦੁਖਦਾਈ ਘਟਨਾ ਨੇ ਜਿੱਥੇ ਸੰਸਾਰ ਚ ਵਾਸਤੇ ਭਾਰਤੀਆਂ ਤੇ ਬ੍ਰਿਟਿਸ਼ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਇਸੇ ਦੌਰਾਨ ਜਹਾਜ ਤੋਂ ਸਾਲ ਮਾਰ ਕੇ ਆਪਣੀ ਜਾਨ ਬਚਾਉਣ ਵਾਲੇ 38 ਸਾਲਾਂ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਵਾਸੀ ਦੀਉ ਦਮਨ ਨਾਲ ਸੰਬੰਧਿਤ ਨੌਜਵਾਨ ਰਮੇਸ਼ ਵਿਸਵਾਸ ਕੁਮਾਰ ਦੀ ਬਹਾਦਰੀ ਦੀ ਵੀ ਬੜੇ ਵੱਡੇ ਪੱਧਰ ਤੇ ਚਰਚਾ ਹੋ ਰਹੀ ਹੈ। ਜਹਾਜ਼ ਦੀ 11a ਨੰਬਰ ਸ਼ੀਟ ਤੇ ਬੈਠੇ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਵਸਨੀਕ ਰਮੇਸ਼ ਵਿਸ਼ਵਾਸ ਕੁਮਾਰ ਵੱਲੋਂ ਜਹਾਜ਼ ਤੋਂ ਛਾਲ ਮਾਰਨ ਕਾਰਨ ਉਸਦੀ ਜਾਨ ਤਾਂ ਬਚ ਗਈ, ਪਰ ਉਸ ਦੇ ਨਾਲ ਜਹਾਜ ਵਿੱਚ ਸਫਰ ਕਰਨ ਦੀ ਸਵਾਰ ਹੋਏ ਉਸ ਦੇ ਛੋਟੇ ਭਰਾ 34 ਸਾਲਾਂ ਅੱਜੇ ਕੁਮਾਰ ਬਾਰੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਮਿਲ ਰਹੀ। ਜਹਾਜ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਉਣ ਵਾਲੇ ਰਮੇਸ਼ ਵਿਸ਼ਵਾਸ ਕੁਮਾਰ ਦੇ ਲੈਸਟਰ ਸਥਿਤ ਘਰ ਚ ਜਾ ਕੇ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਉਸ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਚਾਰ ਪੁੱਤਰ ਹਨ ਜਿਨਾਂ ਚੋਂ ਉਸ ਦਾ ਵੱਡਾ ਪੁੱਤਰ ਰਮੇਸ ਵਿਸਵਾਸ ਕੁਮਾਰ ਅਤੇ ਉਸ ਦਾ ਛੋਟਾ ਭਰਾ ਅਜੇ ਕੁਮਾਰ ਇੱਕ ਸਾਲ ਬਾਅਦ ਵਾਪਸ ਆਪਣੇ ਪਰਿਵਾਰ ਮਾਂ ਬਾਪ ਪਤਨੀ ਅਤੇ ਬੱਚਿਆਂ ਕੋਲ ਇੰਗਲੈਂਡ ਆਉਣ ਲਈ ਏਅਰ ਇੰਡੀਆ ਦੇ ਜਹਾਜ ਤੇ ਸਵਾਰ ਹੋਏ ਸਨ। ਪ੍ਰੰਤੂ ਜਹਾਜ ਦੇ ਉਡਾਨ ਭਰਨ ਤੋਂ 30 ਸੈਕਿੰਡ ਬਾਅਦ ਹੀ ਇਹ ਹਾਦਸਾ ਵਾਪਰ ਗਿਆ। ਰਮੇਸ਼ ਵਿਸ਼ਵਾਸ ਕੁਮਾਰ ਦੇ ਪਿਤਾ ਨੇ ਦੱਸਿਆ ਕਿ ਜਦ ਭਾਰਤੀ ਸਮੇਂ ਅਨੁਸਾਰ 1 ਵਜੇ ਜਹਾਜ ਉਡਾਨ ਭਰ ਰਿਹਾ ਸੀ ਤਾਂ ਉਸ ਦੀ ਉਸਦੇ ਦੋਵਾਂ ਬੇਟਿਆਂ ਕੁਮਾਰ ਵਿਸ਼ਵਾਸ ਅਤੇ ਅਜੇ ਨਾਲ ਵੀਡੀਓ ਕਾਲ ਰਾਹੀਂ ਗੱਲਬਾਤ ਹੋ ਰਹੀ ਸੀ ਇਸੇ ਦੌਰਾਨ ਹੀ ਇਹ ਹਾਦਸਾ ਵਾਪਰ ਗਿਆ ਤੇ ਉਹਨਾਂ ਨੂੰ ਚਾਰ ਚੁਫੇਰੇ ਲਾਸਾਂ ਹੀ ਲਾਸਾਂ ਦਿਖਾਈ ਦਿੱਤੀਆਂ। 242 ਮੁਸਾਫਰਾਂ ਚੋਂ ਆਪਣੀ ਜਾਨ ਬਚਾਉਣ ਵਾਲੇ ਇਕਲੌਤੇ ਰਮੇਸ਼ ਵਿਸ਼ਵਾਸ ਕੁਮਾਰ ਚਾਰ ਸਾਲ ਦੇ ਬੱਚੇ ਦਾ ਪਿਤਾ ਹੈ, ਅਤੇ ਉਸਦੇ ਨਾਲ ਸਫਰ ਕਰ ਰਿਹਾ ਉਸਦਾ ਛੋਟਾ ਭਰਾ ਅਜੇ ਵੀ ਇੱਕ ਛੋਟੇ ਬੱਚੇ ਦਾ ਪਿਤਾ ਹੈ। ਰਮੇਸ ਵਿਸ਼ਵਾਸ ਕੁਮਾਰ ਦੇ ਪਿਤਾ ਨੇ ਦੱਸਿਆ ਕਿ ਰਮੇਸ਼ ਵਿਸਵਾਸ ਕੁਮਾਰ ਇਸ ਵੇਲੇ ਜੇਰੇ ਇਲਾਜ ਹੈ, ਅਤੇ ਉਹਨਾਂ ਦੀ ਉਸ ਨਾਲ ਫੋਨ ਰਾਹੀਂ ਗੱਲਬਾਤ ਵੀ ਹੋ ਚੁੱਕੀ ਹੈ, ਪਰੰਤੂ ਰਮੇਸ਼ ਵਿਸ਼ਵਾਸ ਕੁਮਾਰ ਨਾਲ ਅਹਿਮਦਾਬਾਦ ਤੋਂ ਇੰਗਲੈਂਡ ਲਈ ਰਵਾਨਾ ਹੋਏ ਉਸਦੇ ਛੋਟੇ ਭਰਾ ਅਜੇ ਬਾਰੇ ਉਹਨਾਂ ਨੂੰ ਕੋਈ ਵੀ ਜਾਣਕਾਰੀ ਨਹੀਂ ਮਿਲ ਰਹੀ। ਜਿਸ ਕਾਰਨ ਉਸ ਦੀ ਮਾਂ ਅਤੇ ਬਾਕੀ ਪਰਿਵਾਰ ਮੈਂਬਰ ਇਸ ਵੇਲੇ ਬੇਹੱਦ ਗਮਗੀਨ ਮਾਹੌਲ ਵਿੱਚ ਹਨ। ਰਮੇਸ਼ ਵਿਸਵਾਸ ਕੁਮਾਰ ਦੇ ਲੈਸਟਰ ਸਥਿਤ ਘਰ ਵਿੱਚ ਉਹਨਾਂ ਦੋਵਾਂ ਭਰਾਵਾਂ ਦੇ ਮੌਜੂਦਾ ਹਾਲਤਾ ਬਾਰੇ ਜਾਨਣ ਲਈ ਵੱਡੀ ਗਿਣਤੀ ਚ ਲੋਕ ਅਤੇ ਬ੍ਰਿਟਿਸ਼ ਮੀਡੀਆ ਦਿ ਉਨ੍ਹਾਂ ਦੇ ਘਰ ਆਉਣਾ ਜਾਣਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਇਸ ਜਹਾਜ਼ ਹਾਦਸੇ ਚ ਮਰਨ ਵਾਲਿਆਂ ਚ ਵੱਡੀ ਗਿਣਤੀ ਚ ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਭਾਰਤੀ ਮੂਲ ਦੇ ਲੋਕ ਮੌਜੂਦ ਸਨ, ਜਿਨਾਂ ਦੇ ਪਰਿਵਾਰਾਂ ਚ ਇਸ ਵੇਲੇ ਸੋਗ ਵੇਖੀ ਜਾ ਸਕਦੀ ਹੈ। ਇਸੇ ਜਹਾਜ਼ ਹਾਦਸੇ ਚ ਭਾਰਤ ਤੋਂ ਇੰਗਲੈਂਡ ਆ ਰਹੇ ਤਿੰਨ ਬੱਚਿਆਂ ਅਤੇ ਉਨਾਂ ਦੇ ਮਾਤਾ ਪਿਤਾ ਸਣੇ ਪਰਿਵਾਰ ਦੇ ਪੰਜ ਜੀਆਂ ਦੀ ਵੀ ਮੌਤ ਹੋ ਚੁੱਕੀ ਹੈ।



**ਅਹਿਮਦਾਬਾਦ ਜਹਾਜ ਹਾਦਸੇ ਚ ਦਲੇਰੀ ਨਾਲ ਜਹਾਜ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਉਣ ਵਾਲੇ ਰਮੇਸ਼ ਵਿਸਵਾਸ ਕੁਮਾਰ ਦੀ ਜਹਾਜ਼ ਹਾਦਸੇ ਚ ਲਾਪਤਾ ਹੋਏ ਛੋਟੇ ਭਰਾ ਅਜੇ ਨਾਲ ਪੁਰਾਣੀ ਤਸਵੀਰ। ਤਸਵੀਰ -ਸੁਖਜਿੰਦਰ ਸਿੰਘ ਢੱਡੇ**

# ਡਿਪਟੀ ਸਪੀਕਰ ਵੱਲੋਂ 'ਅਮਰੁਤ 2' ਅਧੀਨ 5.65 ਕਰੋੜ ਦੇ ਵਾਟਰ ਸਪਲਾਈ ਪ੍ਰੋਜੈਕਟ ਦਾ ਉਦਘਾਟਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਗੜ੍ਹਸ਼ੰਕਰ ਵਿਚ ਨਾਗਰਿਕ ਸੁਵਿਧਾਵਾਂ ਨੂੰ ਬਿਹਤਰ ਬਣਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਡਿਪਟੀ ਸਪੀਕਰ ਨੇ ਅੱਜ 'ਅਮਰੁਤ 2' ਸਕੀਮ ਤਹਿਤ 5.65 ਕਰੋੜ ਰੁਪਏ ਦੇ ਵਾਟਰ ਸਪਲਾਈ ਪ੍ਰੋਜੈਕਟ ਦੇ ਪਹਿਲੇ ਪੜਾਅ ਦਾ ਉਦਘਾਟਨ ਕੀਤਾ। ਉਦਘਾਟਨ ਸਮਾਰੋਹ ਵਾਰਡ ਨੰਬਰ 7 ਵਿਚ ਹੋਇਆ, ਜਿਥੇ 19 ਕਿ.ਮੀ. ਲੰਬੀ ਪਾਈਪਲਾਈਨ ਨੈੱਟਵਰਕ ਦੀ ਸ਼ੁਰੂਆਤ ਕੀਤੀ ਗਈ, ਜੋ ਸ਼ਹਿਰ ਦੇ ਕਈ ਵਾਰਡਾਂ ਨੂੰ ਲਾਭ ਦੇਵੇਗੀ। ਇਹ ਪ੍ਰੋਜੈਕਟ ਹਜ਼ਾਰਾਂ ਨਿਵਾਸੀਆਂ ਨੂੰ ਸਾਫ ਤੇ ਲਗਾਤਾਰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਹੈ ਅਤੇ ਇਲਾਕੇ ਦੇ ਢਾਂਚਾਗਤ ਵਿਕਾਸ ਨੂੰ ਕਾਫ਼ੀ ਹੱਦ ਤੱਕ ਉਤਸ਼ਾਹਿਤ ਕਰੇਗਾ। ਇਸ ਮੌਕੇ ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰੀ ਢਾਂਚੇ ਨੂੰ ਮਜ਼ਬੂਤ ਬਣਾਉਣ ਅਤੇ ਹਰ ਘਰ ਤੱਕ ਬੁਨਿਆਦੀ ਸਹੂਲਤਾਂ, ਖਾਸ ਕਰਕੇ ਪਾਣੀ ਦੀ ਸਪਲਾਈ, ਪਹੁੰਚਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਸਮੇਂ ਸਿਰ ਕੰਮ ਦੀ ਪੂਰਤੀ ਲਈ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਸਥਾਨਕ ਪ੍ਰਸ਼ਾਸਨ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, "ਇਹ ਹਰ ਘਰ ਤੱਕ ਸਾਫ ਪਾਣੀ ਅਤੇ ਵਧੀਆ ਜੀਵਨ ਸਹੂਲਤਾਂ ਪਹੁੰਚਾਉਣ ਦੇ ਸਾਡੇ ਵਾਅਦੇ ਵੱਲ ਇਕ ਮਹੱਤਵਪੂਰਨ ਕਦਮ ਹੈ। ਅਮਰੂਤ 2 ਤਹਿਤ ਅਜਿਹੇ ਵਿਕਾਸਕਾਰੀ ਪ੍ਰੋਜੈਕਟਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤਾਂ ਜੋ ਗੜ੍ਹਸ਼ੰਕਰ ਵਰਗੀਆਂ ਸ਼ਹਿਰੀ ਥਾਵਾਂ ਦਾ ਚੰਗੇ ਤਰੀਕੇ ਨਾਲ ਵਿਕਾਸ ਹੋ ਸਕੇ।" ਉਨ੍ਹਾਂ ਕਿਹਾ ਕਿ 19 ਕਿ.ਮੀ. ਲੰਬੀ ਪਾਈਪਲਾਈਨ ਦੇ ਬਾਕੀ ਰਹਿੰਦੇ ਕੰਮ ਨੂੰ ਪੜਾਅਵਾਰ ਤਰੀਕੇ ਨਾਲ ਪੂਰਾ ਕੀਤਾ ਜਾਵੇਗਾ, ਤਾਂ ਜੋ ਪੂਰੇ ਇਲਾਕੇ ਦੀ ਕਵਰੇਜ ਯਕੀਨੀ ਬਣੇ ਅਤੇ ਰੋਜ਼ਾਨਾ ਜੀਵਨ ਵਿਚ ਘੱਟ ਤੋਂ ਘੱਟ ਵਿਘਨ ਪਏ। ਉਦਘਾਟਨ ਮੌਕੇ ਸਥਾਨਕ ਕੌਂਸਲਰਾਂ, ਉੱਚ ਅਧਿਕਾਰੀਆਂ ਅਤੇ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ, ਜਿਨ੍ਹਾਂ ਨੇ ਇਲਾਕੇ ਵਿਚ ਹੋ ਰਹੇ ਵਿਕਾਸ ਲਈ ਧੰਨਵਾਦ ਪ੍ਰਗਟਾਇਆ।



# ਅਹਿਮਦਾਬਾਦ ਵਿਖੇ ਹੋਏ ਜਹਾਜ ਹਾਦਸੇ ਚ ਸਵਾਰ 53 ਬ੍ਰਿਟਿਸ਼ ਯਾਤਰੀਆਂ ਨਾਲ ਪ੍ਰਧਾਨ ਮੰਤਰੀ ਨੇ ਪ੍ਰਗਟਾਈ ਹਮਦਰਦੀ

## ਯਾਤਰੀਆਂ ਦੇ ਪਰਿਵਾਰਕ ਮੈਂਬਰਾਂ ਅਤੇ ਨਜ਼ਦੀਕੀਆਂ ਲਈ ਕੀਤਾ ਹੈਲਪ ਨੰਬਰ ਜਾਰੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਵੀਰਵਾਰ ਨੂੰ ਅਹਿਮਦਾਬਾਦ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਏਅਰ ਇੰਡੀਆ ਦੇ ਜਹਾਜ਼ ਦੇ ਹਾਦਸਾ ਗ੍ਰਸਤ ਹੋਣ ਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਪੀੜਤ ਯਾਤਰੀਆਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਹ ਯਾਤਰੀ ਹਵਾਈ ਜਹਾਜ਼ ਅਹਿਮਦਾਬਾਦ ਤੋਂ ਲੰਡਨ ਜਾ ਰਿਹਾ ਸੀ,ਅਤੇ ਇਸ ਫਲਾਈਟ ਵਿਚ 53 ਬ੍ਰਿਟਿਸ਼ ਨਾਗਰਿਕਾਂ ਸਮੇਤ 242 ਯਾਤਰੀ ਸਵਾਰ ਸਨ। ਪ੍ਰਧਾਨ ਮੰਤਰੀ ਸਟਾਰਮਰ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਹਾਦਸੇ ਦੇ ਸਾਹਮਣੇ ਆਉਣ ਵਾਲੇ ਦ੍ਰਿਸ਼ ਬਹੁਤ ਭਿਆਨਕ ਹਨ। ਉਨ੍ਹਾਂ ਇਹ ਵੀ ਕਿਹਾ ਕਿ ਹਾਲਾਤ ਬਾਰੇ ਮੈਂ ਨਾਲੋ ਨਾਲ ਜਾਣਕਾਰੀ ਹਾਸਲ ਕਰ ਰਿਹਾ ਹਾਂ ਤੇ ਇਸ ਦੁਖਦਾਈ ਸਮੇਂ ਮੇਰੀ ਹਮਦਰਦੀ ਯਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹੈ। ਇਸੇ ਤਰ੍ਹਾਂ ਯੂ.ਕੇ ਦੇ ਵਿਦੇਸ਼ ਸਕੱਤਰ ਡੇਵਿਡ ਲੈਮੀ ਨੇ ਵੀ ਪ੍ਰਭਾਵਿਤ ਲੋਕਾਂ ਪ੍ਰਤੀ ਆਪਣੀ ਹਮਦਰਦੀ ਜਾਹਿਰ ਕੀਤੀ ਹੈ। ਬਰਤਾਨੀਆ ਸਰਕਾਰ ਨੇ ਇਸ ਜਹਾਜ ਵਿੱਚ ਸਵਾਰ ਬ੍ਰਿਟਿਸ਼ ਲੋਕਾਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਦੀ ਇੱਕ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ। ਜਿਸ ਤੇ ਕਾਲ ਕਰਕੇ ਪਰ ਪ੍ਰਭਾਵਿਤ ਯਾਤਰੀਆਂ ਦੇ ਪਰਿਵਾਰ ਅਤੇ ਨਜ਼ਦੀਕੀ ਉਹਨਾਂ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ।



# ਅਦਾਲਤ ਦੀ ਦੁਨੀਆ ਦਾ ਗਲਪਕਾਰ ਮਿੱਤਰ ਸੈਨ ਮੀਤ

ਮਨੁੱਖ ਨੂੰ ਹਮੇਸ਼ਾ ਹੀ ਕੁਝ ਨਾ ਕੁਝ ਨਵਾਂ ਜਾਣਨ ਦੀ ਤੀਬਰ ਇੱਛਾ ਰਹੀ ਹੈ। ਜੇ ਪੜ੍ਹਨ ਪੜ੍ਹਾਉਣ ਦੀ ਗੱਲ ਕਰੀਏ ਤਾਂ ਪੰਜਾਬੀ ਪਾਠਕ ਵੀ ਅਜਿਹੀ ਜਾਣਕਾਰੀ ਤੋਂ ਮੁਤਾਸਿਰ ਹੁੰਦਾ ਰਿਹਾ ਹੈ। ਅਜਿਹੀ ਜਾਣਕਾਰੀ ਵਾਲੀਆਂ ਪੁਸਤਕਾਂ, ਚਾਹੇ ਕਿਸੇ ਵਿਧਾ ਦੀਆਂ ਵੀ ਹੋਣ, ਅੱਜ ਵੀ ਪਾਠਕਾਂ ਦੀ ਪਹਿਲੀ ਪਸੰਦ ਹਨ। ਸੰਤੋਸ਼ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਦੇ ਸਾਹਿਤ ਦੀ ਸਿਰ-ਜਣਾ ਕਰਨ ਵਾਲੇ ਲੇਖਕ ਹਨ। ਇਹਨਾਂ ਲੇਖਕਾਂ ਦੀ ਢਾਣੀ ਵਿਚ ਇਕ ਨਾਂ ਮਿੱਤਰ ਸੈਨ ਮੀਤ ਦਾ ਵੀ ਸ਼ਾਮਲ ਹੈ।

ਮਿੱਤਰ ਸੈਨ ਦਾ ਜਨਮ 20 ਅਕਤੂਬਰ,1952 ਵਿਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਭੋਤਨਾ ਵਿਖੇ ਮਾਤਾ ਸ਼ਾਂਤੀ ਦੇਵੀ ਅਤੇ ਪਿਤਾ ਸਹਿਜ ਰਾਮ ਗੁਪਤਾ ਦੇ ਘਰ ਹੋਇਆ। ਪਿਤਾ ਜੀ ਪਟਵਾਰ ਦੀ ਨੌਕਰੀ ਕਰਦੇ ਸਨ। ਉਹਨਾਂ ਦਿਨਾਂ ਵਿਚ ਆਵਾਜਾਈ ਦੀਆਂ ਅੱਜ ਵਰਗੀਆਂ ਸਹੂਲਤਾਂ ਨਹੀਂ ਸਨ। ਇਸ ਲਈ ਜਿੱਥੇ ਵੀ ਪਿਤਾ ਦੀ ਬਦਲੀ ਹੋ ਜਾਂਦੀ ਪਰਿਵਾਰ ਨੂੰ ਵੀ ਨਾਲ ਹੀ ਲਿਜਾਣਾ ਪੈਂਦਾ ਸੀ।

ਮੁਢਲੀ ਸਿੱਖਿਆ ਦੌਰਾਨ ਮਿੱਤਰ ਸੈਨ ਨੂੰ ਪਹਿਲਾਂ ਪਿੰਡ ਕਾਲੇਕੇ ਤੇ ਫਿਰ ਫਰਵਾਹੀ ਪੜ੍ਹਨਾ ਪਿਆ। ਸਾਲ 1963 ਵਿਚ ਪਰਿਵਾਰ ਨੇ ਪੱਕੀ ਰਿਹਾਇਸ਼ ਬਰਨਾਲਾ ਵਿਖੇ ਕਰ ਲਈ। ਮਿੱਤਰ ਸੈਨ ਨੇ ਦਸਵੀਂ ਜਮਾਤ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਪਾਸ ਕੀਤੀ। ਮਿੱਤਰ ਸੈਨ ਪੜ੍ਹਨ ਵਿਚ ਮੁੱਢ ਤੋਂ ਹੀ ਹੁਸ਼ਿਆਰ ਸੀ। ਇਹੀ ਕਾਰਨ ਹੈ ਕਿ ਉਸ ਨੇ ਐੱਸ. ਡੀ. ਕਾਲਜ ਬਰਨਾਲਾ ਤੋਂ ਬੀ. ਏ. ਆਨਰਜ਼ ਗਣਿਤ ਵਿਚ ਪਾਸ ਕੀਤੀ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਜਿੱਤਿਆ। ਉਸ ਨੇ ਐਲ. ਐਲ. ਬੀ. ਦੀ ਡਿਗਰੀ ਇਸੇ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਰਹਿ ਕੇ ਪ੍ਰਾਪਤ ਕੀਤੀ ਤੇ ਰਾਸ਼ਟਰੀ ਸ਼ਕਾਲਰਸ਼ਿਪ ਆਪਣੇ ਨਾਂ ਕੀਤਾ।

1979 ਵਿਚ ਮਿੱਤਰ ਸੈਨ ਦੀ ਨਿਯੁਕਤੀ ਸਰਕਾਰੀ ਵਕੀਲ ਦੇ ਤੌਰ ਤੇ ਹੋਈ। ਵੱਖ ਵੱਖ ਅਦਾਲਤਾਂ ਵਿਚ ਸੇਵਾ ਨਿਭਾਉਂਦਿਆਂ ਉਸ ਨੇ ਡਿਸਟ੍ਰਿਕਟ ਅਟਾਰਨੀ ਦਾ ਅਹੁਦਾ ਪ੍ਰਾਪਤ ਕੀਤਾ ਤੇ 31 ਅਕਤੂਬਰ, 2011 ਨੂੰ ਇਸ ਅਹੁਦੇ ਤੋਂ ਸੇਵਾ ਮੁਕਤ ਹੋਇਆ।

ਦਸਵੀਂ ਜਮਾਤ ਵਿਚ ਪੜ੍ਹਦਿਆਂ ਹੀ ਮਿੱਤਰ ਸੈਨ ਦੀ ਰੁਚੀ ਕਹਾਣੀਆਂ ਲਿਖਣ ਵੱਲ ਹੋ ਗਈ ਸੀ। 1968 ਵਿਚ ਉਸ ਦੀਆਂ ਦੋ ਕਹਾਣੀਆਂ, ਨਵਤੇਜ ਸਿੰਘ ਦੀ ਸੰਪਾਦਨਾ ਹੇਠ ਛਪਦੇ 'ਬਾਲ ਸੰਦੇਸ਼' ਵਿਚ ਪ੍ਰਕਾਸ਼ਿਤ ਹੋਈਆਂ ਤੇ ਉਹ ਮਿੱਤਰ ਸੈਨ ਤੋਂ ਮਿੱਤਰ ਸੈਨ ਮੀਤ ਬਣ ਗਿਆ।

ਗਣਿਤ ਵਰਗੇ ਔਖੇ ਵਿਸ਼ੇ ਦੀ ਪੜ੍ਹਾਈ ਕਰਦਿਆਂ ਹੋਇਆਂ ਵੀ, ਉਹ ਕਾਲਜ ਵਿੱਚ ਲਿਖਣ ਪ੍ਰਕਿਰਿਆ ਨਾਲੋਂ ਨਹੀਂ ਸੀ ਟੁੱਟਿਆ। ਕਾਲਜ ਦੀ ਪੜ੍ਹਾਈ ਦੌਰਾਨ 19 ਸਾਲ ਦੀ ਉਮਰ ਵਿਚ ਉਸ ਨੇ ਨਾਵਲ 'ਅੱਗ ਦੇ ਬੀਜ ' ਲਿਖ ਕੇ ਸਾਹਿਤਕਾਰਾਂ ਨੂੰ ਹੈਰਾਨ ਕਰ ਦਿੱਤਾ ਸੀ। ਇਹ ਨਾਵਲ ਗੁਰਸ਼ਰਨ ਸਿੰਘ ਭਾਅ ਦੀ ਨਿਰਦੇਸ਼ਨਾਂ ਹੇਠ ਕੰਮ ਕਰਦੇ 'ਬਲਰਾਜ ਸਾਹਨੀ ਪ੍ਰਕਾਸ਼ਨ' ਦੁਆਰਾ ਛਾਪਿਆ ਗਿਆ ਸੀ। ਇਸ ਨਾਵਲ ਦੀ ਪ੍ਰਕਾਸ਼ਨਾ ਨਾਲ ਮਿੱਤਰ ਸੈਨ ਮੀਤ ਬਰਨਾਲਾ ਵਿਚ ਸਭ ਤੋਂ ਛੋਟੀ ਉਮਰ ਦਾ ਨਾਵਲਕ-ਾਰ ਬਣ ਗਿਆ ਸੀ। 1973 ਵਿਚ ਉਸ ਨੇ ਨਾਵਲ 'ਕਾਫ਼ਲਾ' ਲਿਖਿਆ ਜੋ 1986 ਵਿਚ ਪ੍ਰਕਾਸ਼ਿਤ ਹੋਇਆ। ਇਹਨਾਂ ਨਾਵਲਾਂ ਦੀ ਸਿਰਜਣਾ ਤੋਂ ਬਾਅਦ ਉਹ ਫਿਰ ਕਹਾਣੀਆਂ ਲਿਖਣ ਵੱਲ ਪਰਤਿਆ ਤੇ ਉਸ ਦੇ ਦੋ ਕਹਾਣੀ-ਸੰਗ੍ਰਹਿ 'ਪੁਨਰਵਾਸ', 'ਲਾਮ' ਅਤੇ 'ਠੋਸ ਸਬੂਤ' ਪ੍ਰਕਾਸ਼ਿਤ ਹੋਏ।

ਇਹਨਾਂ ਪੁਸਤਕਾਂ 'ਤੇ ਹੋਈਆਂ ਗੋਸ਼ਟੀਆਂ ਤੋਂ ਮਿੱਤਰ ਸੈਨ ਮੀਤ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ। ਉਸ ਨੇ ਸੰਸਾਰ ਪ੍ਰਸਿੱਧ ਰਚਨਾਵਾਂ ਦਾ ਅਧਿਐਨ ਕੀਤਾ। ਜਿਥੇ ਉਸ ਨੂੰ



ਨਾਟਕਕਾਰ ਗੁਰਸ਼ਰਨ ਸਿੰਘ ਦੀ ਵਿਚਾਰਧਾਰਾ ਨੇ ਪ੍ਰਭਾਵਿਤ ਕੀਤਾ ਉੱਥੇ ਮੈਕਸਿਮ ਗੋਰਕੀ ਦੇ ਨਾਵਲ ਮਾਂ ਅਤੇ ਹੋਰ ਰਚਨਾਵਾਂ ਤੋਂ ਵੀ ਸੇਧ ਮਿਲੀ। ਹੈਮਿੰਗਵੇ ਦੇ ਨਾਵਲ ਓਲਡ ਮੈਂਨ ਐਂਡ ਦੀ ਸੀ ਨੇ, ਉਸ ਨੂੰ ਲੇਖਕ ਦੇ ਦ੍ਰਿਸ਼ਟੀਬੱਧ ਹੋਣ ਦੀ ਨਿਰਦੇਸ਼ਨਾਂ ਮਿਲੀ।

ਇਹਨਾਂ ਪੁਸਤਕਾਂ ਦੇ ਅਧਿਐਨ ਤੋਂ ਬਾਅਦ ਮਿੱਤਰ ਸੈਨ ਮੀਤ ਜਾਣ ਗਿਆ ਸੀ ਕਿ ਕੋਈ ਵੀ ਲੇਖਕ, ਜੇ ਆਪਣੇ ਅਨੁਭਵ ਤੋਂ ਬਾਹਰ ਜਾ ਕੇ ਰਚਨਾ ਕਰੇਗਾ ਤਾਂ ਰਚਨਾ ਨਾਲ ਇਨਸਾਫ ਨਹੀਂ ਕਰ ਸਕੇਗਾ। ਸਰਕਾਰੀ ਵਕੀਲ ਹੋਣ ਕਰਕੇ ਮਿੱਤਰ ਸੈਨ ਮੀਤ ਕੋਲ ਥਾਣੇ, ਅਦਾਲਤ ਤੇ ਜ਼ੇਲ ਦੀ ਦੁਨੀਆ ਬਾਰੇ ਉਹ ਜਾਣਕਾਰੀ ਸੀ ਜੋ ਦੂਜੇ ਵਕੀਲਾਂ ਕੋਲ ਨਹੀਂ ਹੁੰਦੀ। ਦੂਜੀ ਅਹਿਮ ਗੱਲ ਇਹ ਕਿ ਪੰਜਾਬੀ ਸਾਹਿਤ ਵਿਚ ਇਸ ਵਿਸ਼ੇ ਬਾਰੇ ਲਿਖਿਆ ਵੀ ਨਹੀਂ ਸੀ ਗਿਆ। ਮਿੱਤਰ ਸੈਨ ਮੀਤ ਜਾਣਦਾ ਸੀ ਕਿ ਭਾਵੇਂ ਆਮ ਬੰਦਾ ਥਾਣੇ ਕਚਹਿਰੀਆਂ ਦੇ ਚੱਕਰ ਵਿਚ ਪੈਣ ਤੋਂ ਡਰਦਾ ਰਹਿੰਦਾ ਹੈ ਪਰ ਉਹ ਇਸ ਦੁਨੀਆ ਬਾਰੇ ਜ਼ਰੂਰ ਜਾਣਨਾ ਚਾਹੁੰਦਾ ਹੈ। ਮੀਤ ਨੇ ਅਗਲੀਆਂ ਰਚਨਾਵਾਂ ਪ੍ਰੋਜੈਕਟ ਬਣਾਕੇ ਲਿਖਣ ਦਾ ਫ਼ੈਸਲਾ ਕੀਤਾ। ਇਸ ਪ੍ਰੋਜੈਕਟ ਦੀ ਲੜੀ ਵਿਚ ਥਾਣਾ ਅਦਾਲਤ ਅਤੇ ਜ਼ੇਲ ਦੇ ਮੁੱਖ ਪੜਾ ਸਨ। ਇਹਨਾਂ ਪੜਾਵਾਂ ਵਿਚ ਗੁਜ਼ਰਦੀ ਪ੍ਰਕਿਰਿਆ ਨੂੰ ਕਈ ਵਾਰ ਰਾਜਨੀਤੀ ਵੀ ਪ੍ਰਭਾਵਿਤ ਕਰਦੀ ਹੈ। ਸਮਾਜ ਵਿਚ ਲੁੱਟ ਖੋਹ, ਮਾਰ ਧਾੜ ਕਤਲ ਅਤੇ ਹੋਰ ਜੁਰਮ ਦੀ ਵਾਪਰੀ ਘਟਨਾ ਬਾਰੇ ਅਗਲੇਰੀ ਕਾਰਵਾਈ ਦਾ ਮੁੱਢ ਥਾਣੇ ਤੋਂ ਆਰੰਭ ਹੁੰਦਾ ਹੈ। ਮਿੱਤਰ ਸੈਨ ਮੀਤ ਨੇ ਇਹਨਾਂ ਪੜਾਵਾਂ ਅਨੁਸਾਰ ਰਚਨਾਵਾਂ ਲਿਖਣ ਦਾ ਫ਼ੈਸਲਾ ਕੀਤਾ।

ਉਹਨਾਂ ਦਿਨਾਂ ਵਿਚ ਪੰਜਾਬ ਦੇ ਇਕ ਸ਼ਹਿਰ ਵਿਚ ਦਿਲ ਕੰਬਾਊ ਘਟਨਾ ਵਾਪਰ ਗਈ। ਫਿਰੌਤੀ ਲਈ ਇਕ ਬੱਚੇ ਨੂੰ ਪਹਿਲਾਂ ਅਗਵਾਹ ਕੀਤਾ ਗਿਆ ਤੇ ਫਿਰ ਕਤਲ ਵੀ ਕਰ ਦਿੱਤਾ ਗਿਆ। ਇਸ ਘਟਨਾ ਕ੍ਰਮ ਨੂੰ ਕੇਂਦਰ ਵਿਚ ਰੱਖ ਕੇ ਮਿੱਤਰ ਸੈਨ ਮੀਤ ਨੇ 1990 ਵਿਚ ਨਾਵਲ 'ਤਫ਼ਤੀਸ਼' ਦੀ ਸਿਰਜਣਾ ਕੀਤੀ। ਇਸ ਨਾਵਲ ਦੇ ਪ੍ਰਕਾਸ਼ਿਤ ਹੁੰਦਿਆਂ ਹੀ ਮਿੱਤਰ ਸੈਨ ਮੀਤ ਦਾ ਨਾਂ ਚਰਚਾ ਵਿਚ ਆ ਗਿਆ। ਪੰਜਾਬੀ ਸਾਹਿਤ ਵਿਚ ਇਹ ਨਵਾਂ ਤਜਰਬਾ ਸੀ। ਇਸ ਨੇ ਪਾਠਕਾਂ ਦੇ ਸਾਹਮਣੇ ਪੁਲੀਸ ਤੰਤਰ ਦੀ ਅੰਦਰਲੀ ਪ੍ਰਕਿਰਿਆ ਨੂੰ ਖੋਲ ਕੇ ਰੱਖ ਦਿੱਤਾ ਸੀ। ਆਮ ਪਾਠਕ ਤੋਂ ਲੈ ਕੇ ਕਹਿੰਦੇ-ਕਹਾਉਂਦੇ ਆਲੋਚਕਾਂ ਤੱਕ ਦਾ ਧਿਆਨ ਇਸ ਨਾਵਲ ਨੇ ਖਿੱਚਿਆ। ਇਸ ਨਾਵਲ ਦੇ ਹੁਣ ਤੱਕ ਚਾਰ ਸੰਸਕਰਣ ਪ੍ਰਕਾਸ਼ਿਤ ਹੋ ਚੁੱਕੇ ਹਨ। ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਨੇ, ਇਸ ਨੂੰ ਆਪਣੇ ਪੰਜਾਬੀ ਵਿਸ਼ੇ ਦੇ ਐਮ ਏ ਦੇ ਪਾਠ-ਕ੍ਰਮ ਦਾ ਹਿੱਸਾ ਬਣਵਾਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਪਿਛਲੇ ਸੱਤ ਸਾਲਾਂ ਤੋਂ ਇਸ ਨਾਵਲ ਨੂੰ ਬੀ ਏ ਦੇ ਪਾਠ ਕ੍ਰਮ ਵਿਚ ਸ਼ਾਮਲ ਕੀਤਾ ਹੋਇਆ ਹੈ।

ਅਦਾਲਤੀ ਦੁਨੀਆ ਨਾਲ ਸਬੰਧਤ ਮਿੱਤਰ ਸੈਨ ਮੀਤ ਦਾ ਦੂਜਾ ਨਾਵਲ 'ਕਟਹਿਰਾ' 1993 ਵਿਚ ਪ੍ਰਕਾਸ਼ਿਤ ਹੋਇਆ। ਅਦਾਲਤ ਵਿਚ ਗਵਾਹਾਂ ਅਤੇ ਵਕੀਲਾਂ ਦੀ ਕੀ ਭੂਮਿਕਾ ਹੁੰਦੀ ਹੈ ?,ਕਿਵੇਂ ਸੱਚ ਝੂਠ ਵਿਚ ਤੇ ਝੂਠ ਸੱਚ ਵਿਚ ਬਦਲ ਜਾਂਦਾ ਹੈ ? ਬਾਰੇ ਪਾਠਕਾਂ ਨੂੰ ਜਾਣਕਾਰੀ ਇਸ ਨਾਵਲ ਵਿਚੋਂ ਮਿਲ ਜਾਂਦੀ ਹੈ।

ਇਸੇ ਲੜੀ ਵਿਚ ਜ਼ੇਲ ਪ੍ਰਬੰਧ ਨੂੰ ਆਧਾਰ ਬਣਾਕੇ ਉਸਨੇ 2006 ਵਿਚ ਨਾਵਲ 'ਸੁਧਾਰ ਘਰ' ਦੀ ਸਿਰਜਣਾ ਕੀਤੀ। ਕੀ ਸਾਡੀਆਂ ਜ਼ੇਲਾਂ ਸੱਚਮੁੱਚ ਹੀ ਸੁਧਾਰ ਘਰਾਂ ਵਿਚ ਬਦਲੀਆਂ ਹਨ ਜਾਂ ਫਿਰ ਸੱਚਾਈ ਕੁਝ ਹੋਰ ਹੈ ? ਇਹ ਨਾਵਲ ਪਾਠਕਾਂ ਨੂੰ ਇਹਨਾਂ ਦੇ ਪ੍ਰਬੰਧ ਤੋਂ ਜਾਣੂੰ ਕਰਵਾਉਂਦਾ ਹੈ। ਇਸੇ ਤਰ੍ਹਾਂ ਮੀਤ ਨੇ ਸਾਡੀ ਨਿਆਂ ਪ੍ਰਣਾਲੀ ਦੀਆਂ ਖ਼ਾਮੀਆਂ ਨੂੰ ਉਜਾਗਰ ਕਰਦਾ ਨਾਵਲ 'ਕੌਰਵ ਸਭਾ' ਲਿਖਿਆ। ਇਸ ਨਾਵਲ ਨੂੰ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਬਿਨਾਂ ਕੁਰੂਕਸ਼ੇਤਰ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਨੇ ਆਪਣੇ ਐਮ ਏ ਪੰਜਾਬੀ ਦੇ ਪਾਠ ਕ੍ਰਮ ਵਿੱਚ ਲਗਾਇਆ ਹੋਇਆ ਹੈ।

ਪੰਜਾਬੀ ਸਾਹਿਤ ਵਿਚ ਇਹ ਗੱਲ ਪਹਿਲੀ ਵਾਰ ਦੇਖਣ ਨੂੰ ਮਿਲੀ ਕਿ ਮਿੱਤਰ ਸੈਨ ਮੀਤ ਦੇ ਨਾਵਲਾਂ ਵਿਚ ਪੰਜਾਬ ਦੇ ਪੁਲੀਸ ਵਿਭਾਗ ਨੇ ਵਿਸ਼ੇਸ਼ ਰੁਚੀ ਲਈ। ਹਰਿਆਣਾ ਪੁਲੀਸ ਅਕਾਦਮੀ ਨੇ ਉਸ ਦੇ ਤਿੰਨ ਨਾਵਲ ਤਫ਼ਤੀਸ਼, ਕਟਹਿਰਾ ਅਤੇ ਸੁਧਾਰ ਘਰ ਨੂੰ ਇਕੋ ਜ਼ਿਲਦ ਵਿਚ ਛਾਪ ਕੇ 'ਰਾਮ ਰਾਜਿਆ' ਨਾਂ ਹੇਠ ਪ੍ਰਕਾਸ਼ਿਤ ਕਰਵਾਇਆ। ਇਸੇ ਤਰ੍ਹਾਂ ਨੈਸ਼ਨਲ ਪੁਲੀਸ ਅਕਾਦਮੀ ਹੈਦਰਾਬਾਦ ਨੇ 'ਕੌਰਵ ਸਭਾ' ਨਾਵਲ ਨੂੰ ਪ੍ਰਕਾਸ਼ਿਤ ਕਰਵਾਇਆ। ਦੇਸ਼ ਦੇ ਪੁਲੀਸ ਵਿਭਾਗ ਅਤੇ ਇਸ ਦੀਆਂ ਹੋਰ ਸ਼ਾਖ਼ਾਵਾਂ ਵਿਚ ਕੰਮ ਕਰਦੇ ਛੋਟੇ ਤੋਂ ਲੈ ਕੇ ਵੱਡੇ ਕਰਮਚਾਰੀਆਂ ਨੇ ਮੀਤ ਦੀਆਂ ਰਚਨਾਵਾਂ ਨੂੰ ਦਿਲਚਸਪੀ ਨਾਲ ਪੜ੍ਹਿਆ। ਉਸ ਦੇ ਨਾਵਲਾਂ 'ਤੇ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਸਮੇਂ ਸਮੇਂ ਸ਼ੋਧ ਕਾਰਜ ਕੀਤੇ ਹਨ ਤੇ ਅੱਜ ਵੀ ਕਰ ਰਹੇ ਹਨ।

ਭਾਰਤੀ ਸਾਹਿਤ ਅਕਾਦਮੀ, ਦਿੱਲੀ ਵੱਲੋਂ ਸਾਲ 2008 ਦਾ ਆਪਣਾ ਵਕਾਰੀ ਪੁਰਸਕਾਰ ਮਿੱਤਰ ਸੈਨ ਮੀਤ ਦੇ ਨਾਵਲ 'ਸੁਧਾਰ ਘਰ' ਨੂੰ ਪ੍ਰਦਾਨ ਕਰਕੇ ਉਸ ਦਾ ਮਾਣ ਵਧਾਇਆ। ਇਸੇ ਸਾਲ ਹੀ ਭਾਰਤ ਸਰਕਾਰ ਦੇ 'ਪੁਲੀਸ ਰਿਸਰਚ ਐਂਡ ਡਿਵੈਲਪਮੈਂਟ ਬਿਓਰੋ' (ਗ੍ਰਹਿ ਵਿਭਾਗ) ਦਿੱਲੀ ਅਦਾਰੇ ਨੇ ਮੀਤ ਦੇ ਇਸ ਨਾਵਲ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ। ਇਹਨਾਂ ਤੋਂ ਬਿਨਾਂ ਹੋਰ ਵੀ ਕਈ ਸੰਸਥਾਵਾਂ ਵੱਲੋਂ ਸਮੇਂ ਸਮੇਂ ਉਸ ਦਾ ਸਨਮਾਨ ਕੀਤਾ ਹੈ। ਉਹ ਅੱਜ ਕੱਲ੍ਹ ਆਪਣੇ ਪਰਿਵਾਰ ਸਮੇਤ ਲੁਧਿਆਣਾ ਵਿਖੇ ਰਹਿ ਰਹੇ ਹਨ।



**ਭੋਲਾ ਸਿੰਘ ਸੰਘੇੜਾ**
**ਸੰਪਰਕ :**
**9814787506**

# ਸਰੀ ਚ ਉੱਘੇ ਕਾਰੋਬਾਰੀ ਦਾ ਗੋਲੀਆਂ ਮਾਰ ਕੇ ਕਤਲ, ਲੋਕਾਂ ਚ ਸਹਿਮ ਦਾ ਮਾਹੌਲ

**ਵੈਨਕੂਵਰ ,ਜੂਨ( ਮਲਕੀਤ ਸਿੰਘ )**-ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਕਨੇਡਾ ਦੇ ਸਰੀ ਸ਼ਹਿਰ ਦੇ ਫਲੀਟਵੁੱਡ ਇਲਾਕੇ ਚ ਕੁਝ ਅਣਪਛਾਤਿਆਂ ਵੱਲੋਂ ਬੁੱਧਵਾਰ ਸ਼ਾਮੀ ਭਾਰਤੀ ਮੂਲ ਦੇ ਉੱਘੇ ਕਾਰੋਬਾਰੀ ਦਾ ਕਤਲ ਕੀਤੇ ਜਾਣ ਦੀ ਸੂਚਨਾ ਹੈ ਜਿਸ ਨਾਲ ਪੰਜਾਬੀ ਅਤੇ ਭਾਰਤੀ ਭਾਈਚਾਰੇ ਨਾਲ ਸੰਬੰਧਿਤ ਲੋਕਾਂ ਚ ਸਹਿਮ ਦਾ ਮਾਹੌਲ ਹੈ ਇਸ ਸਬੰਧੀ ਪ੍ਰਾਪਤ ਵੇਰਵਿਆਂ ਮੁਤਾਬਕ ਸਰੀ ਦੇ ਫਲੀਡਵੁੱਡ ਇਲਾਕੇ ਦੀ 160 ਸਟਰੀਟ ਅਤੇ 84 ਐਵਨਿਊ ਤੇ ਸਥਿਤ ਪ੍ਰੋਫੈਸ਼ਨਲ ਬਿਲਡਿੰਗ ਚ ਉੱਘੇ ਕਾਰੋਬਾਰੀ ਸਤਵਿੰਦਰ ਸ਼ਰਮਾ ਨੂੰ ਉਸਦੇ ਦਫਤਰ ਚ ਬੁੱਧਵਾਰ ਸ਼ਾਮੀ 3 45 ਦੇ ਕਰੀਬ ਕੁਝ ਅਣਪਛਾਤਿਆਂ ਵੱਲੋਂ ਅਚਾਨਕ ਤਾਬੜ ਗੋਲੀਆਂ ਮਾਰੀਆਂ ਗਈਆਂ ਜਿਸ ਦੀ ਸੂਚਨਾ ਮਿਲਦਿਆਂ ਹੀ ਤੁਰੰਤ ਹਰਕਤ ਚ ਆਈਆ ਪੁਲਿਸ ਅਤੇ ਐਂਬੂਲੈਂਸ ਟੀਮਾਂ ਵੱਲੋਂ ਮੌਕੇ ਤੇ ਪੁੱਜ ਕੇ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸ਼ਰਮਾ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਜਖਮਾਂ ਦੀ ਤਾਬ ਨਾ ਝੱਲਦਿਆਂ ਸ਼ਰਮਾ ਦੀ ਮੌਤ ਹੋ ਗਈ। ਐਬਸਫੋਰਡ ਸ਼ਹਿਰ ਨਾਲ ਸੰਬੰਧਿਤ ਸ਼ਰਮਾ ਪ੍ਰਾਪਟੀ ਡੀਲਰ ਦੇ ਨਾਲ ਨਾਲ ਲੇਬਰ ਠੇਕੇਦਾਰ ਦੇ ਕੰਮ ਨਾਲ ਜੁੜੇ ਹੋਏ ਸਨ।

# ਅੱਖਬੀਤੀ

ਓਦੋਂ ਮੈਂ ਬਠਿੰਡੇ ਹੁੰਦਾ ਸੀ। ਗਰਮੀਆਂ ਦੇ ਸ਼ੁਰੂਆਤੀ ਮਹੀਨੇ ਵਿੱਚ ਇੱਕ ਦਿਨ ਬਾਈ ਜੱਸੂ ਆ ਕੇ ਕਹਿਣ ਲੱਗਾ।

"ਬਾਈ ਬਣਕੇ ਮੇਰਾ ਇੱਕ ਕੰਮ ਈ ਕਰ ਦੇਹ।"

" ਬੋਲ, ਜੇ ਕਰਨ ਆਲਾ ਹੋਇਆ ਤਾਂ ਕਰ ਦੇਊਂ।"

"ਆਪਣੇ ਘਰੇਂ ਇੱਕ ਕਮਰਾ ਐ। ਉਹਦੇ ਚ ਪਲਸਤਰ ਨੀ ਕੀਤਾ ਹੋਇਆ। ਮੈਂ ਉਹਨੂੰ ਪਲੱਸਤਰ ਕਰਵਾਉਣ ਬਾਰੇ ਸੋਚ ਰਿਹਾ ਸੀ।"

"ਪਰ ਮੈਨੂੰ ਤਾਂ ਪਲਸਤਰ ਕਰਨਾ ਨੀ ਆਉਂਦਾ।" ਮੈਨੂੰ ਮਜਾਕ ਸੁੱਝਿਆ।

" ਤੂੰ ਪਹਿਲਾਂ ਗੱਲ ਤਾਂ ਸੁਣ ਲੈ ਪੂਰੀ।"

" ਹਾਂ ਬੋਲ।"

" ਉਹਦੇ ਚ ਬਿਜਲੀ ਫਿਟਿੰਗ ਆਲੀਆਂ ਪਾਇਪਾਂ ਪਾਉਣੀਆਂ। ਉਹ ਪਾਕੇ ਦੇਹ, ਤੇਰਾ ਬੱਸ ਸਾਰਾ ਦੋ ਘੰਟਿਆਂ ਦਾ ਕੰਮ ਐ।"

" ਪਾ ਦਿਆਂਗੇ। ਪਰ ਕੀ ਖਵਾਂਏਂਗਾ।"

" ਜੋ ਕਹੇਂਗਾ।"

" ਭਗਵਾਨੇ ਦੇ ਸਮੋਸੇ। "

" ਚੱਲ ਪੱਕਾ, ਕਦੋਂ ਕਰੇਂਗਾ।"

" ਐਤਵਾਰ। ਤੇਰਾ ਕੰਮ ਕਰਕੇ ਮੈਂ ਪਿੰਡ ਜਾਂਊਂ।"

ਮੈਂ ਵਾਅਦਾ ਕਰ ਲਿਆ। ਵੈਸੇ ਵੀ ਉਹਨੂੰ ਜਵਾਬ ਦੇਣਾ ਮੇਰੇ ਵੱਸ ਦੀ ਗੱਲ ਨਹੀਂ ਸੀ।

ਐਤਵਾਰ ਨੂੰ ਸਵੇਰੇ ਮੈਂ ਉਹਦੇ ਪਿੰਡ ਵਾਲੀ ਮਿੰਨੀ ਬੱਸ ਫੜ ਕੇ ਉਹਦੇ ਘਰ ਜਾ ਪਹੁੰਚਿਆ। ਕੰਮ ਸ਼ੁਰੂ ਕੀਤਾ ਤੇ ਮੇਰੇ ਕੰਮ ਖਤਮ ਕਰਨ ਤੋਂ ਪਹਿਲਾਂ ਹੀ ਉਹ ਬਠਿੰਡਿਓਂ ਆਪਣੇ ਬੱਚਿਆਂ ਨੂੰ ਟਿਊਸ਼ਨ ਪੜਾ ਕੇ ਤੇ ਨਾਲ ਵਾਅਦੇ ਮੁਤਾਬਿਕ ਸਮੋਸੇ ਲੈ ਕੇ ਪਹੁੰਚ ਗਿਆ। ਸਮੋਸੇ ਤਾਂ ਖਾ ਲਏ ਪਰ ਮੇਰੀ ਇੱਕ ਅੱਖ ਵਿੱਚ ਪੱਕੀ ਇੱਟ ਦਾ ਗੇਰੂ ਪੈਣ ਕਰਕੇ ਕਾਫੀ ਰੜਕ ਪੈ ਰਹੀ ਸੀ। ਉਸਨੇ ਘਰ ਵਿੱਚ ਪਈ ਅੱਖਾਂ ਵਿੱਚ ਪਾਉਣ ਵਾਲੀ ਦਵਾਈ ਵੀ ਦੋ ਵਾਰ ਪਾਈ ਪਰ ਕੋਈ ਫਰਕ ਨਾ ਪਿਆ। ਗਿਆਰਾਂ ਵਜਦੇ ਤੱਕ ਕੰਮ ਨਿਬੇੜ ਕੇ ਮੈਂ ਪਿੰਡ ਆਲੀ ਬੱਸ ਚੜ ਗਿਆ। ਦੁਪਿਹਰ ਤੱਕ ਪਿੰਡ ਪਹੁੰਚ ਗਿਆ ਪਰ ਅੱਖ ਵਿੱਚ ਰੜਕ ਕਾਫੀ ਪੈ ਰਹੀ ਸੀ। ਅੱਡੇ ਤੇ ਉਤਰਦੇ ਸਾਰ ਅੱਡੇ ਦੇ ਲਾਗੇ ਮਾਸੀ ਦੇ ਘਰ ਚਲਾ ਗਿਆ। ਸੋਚਿਆ ਪਾਣੀ ਪੀ ਕੇ ਘਰ ਜਾਵਾਂਗਾ। ਮੇਰੀ ਅੱਖ ਦੇਖ ਕੇ ਮਾਸੀ ਦੇ ਮੁੰਡੇ ਨੇ ਘਰ ਵਿੱਚ ਪਈ ਅੱਖਾਂ ਦੀ ਦੇਸੀ ਦਵਾਈ ਪਾ ਦਿੱਤੀ। ਅਸਲ ਵਿੱਚ ਇਹ ਦਵਾਈ ਮੇਰੀ ਦਾਦੀ ਦੇ ਹੱਥਾਂ ਦੀ ਬਣੀ ਹੋਈ ਸੀ। ਤੇ ਇਸ ਦਵਾਈ ਦੀ ਮਾਨਤਾ ਪੂਰੇ ਪਿੰਡ ਵਿੱਚ ਸੀ। ਦਵਾਈ ਪਾਉਣ ਤੋਂ ਬਾਅਦ ਵੀ ਕੋਈ ਫਰਕ ਨਾ ਪਿਆ। ਘਰ ਆ ਕੇ ਮੈਂ ਮੰਜੇ ਤੇ ਲੇਟ ਗਿਆ। ਅੱਖ ਬੁਰੀ ਤਰ੍ਹਾਂ ਲਾਲ ਹੋ ਕੇ ਦਰਦ ਕਰਨ ਲੱਗ ਪਈ ਸੀ। ਜਦੋਂ ਬੇਬੇ(ਦਾਦੀ) ਨੇ ਦੇਖਿਆ ਤਾਂ ਉਹ ਉਸੇ ਟਾਇਮ ਕਹਿਣਾ ਲੱਗੀ

"ਲਿਆ, ਮੈਂ ਪੱਲਾ ਫੇਰ ਦਿੰਨੀ ਆਂ। ਠੀਕ ਹੋਜੂ।"

ਪਰ ਮੈਂ ਨਾ ਮੰਨਿਆ। ਅਸਲ ਵਿੱਚ ਇੱਟ ਦਾ ਗੇਰੂ ਅੱਖ ਵਿੱਚ ਪੈਣ ਨਾਲ ਸ਼ਾਇਦ ਅੱਖ ਵਿੱਚ ਜਖਮ ਹੋ ਗਏ ਸਨ। ਬੇਬੇ ਨੇ ਦੋ ਤਿੰਨ ਵਾਰ ਅੱਖ ਦਿਖਾਉਣ ਵਸਤੇ ਕਿਹਾ ਪਰ ਮੈਂ ਮਨਾ ਕਰ ਦਿੱਤਾ। ਮੇਰੀ ਬੇਬੇ ਕੋਲ ਅੱਖਾਂ ਦੇਖਣ ਦਾ ਖਾਸ ਗੁਣ ਸੀ। ਅੱਖ ਵਿੱਚ ਕੋਈ ਕਣ- ਕਸੀਰ ਪੈ ਜਾਣਾ ਜਾਂ ਕੋਈ ਚੋਭ ਪੈ ਜਾਣੀ ਤਾਂ ਪਿੰਡ ਦੇ ਹੀ ਨਹੀਂ ਸਗੋਂ ਲਾਗਲੇ ਪਿੰਡਾਂ ਦੇ ਲੋਕ ਵੀ ਦਾਦੀ ਕੋਲ ਆਪਣੀ ਅੱਖ ਦੇ ਇਲਾਜ ਵਾਸਤੇ ਆਉਂਦੇ ਸਨ। ਪਰ ਸਮੇਂ ਦੇ ਗੇੜ ਨਾਲ ਬੁੱਢੀ ਹੋ ਚੁੱਕੀ ਦਾਦੀ ਹੁਣ ਇਹ ਕਹਿ ਕੇ ਆਉਣ ਵਾਲਿਆਂ ਨੂੰ ਮੋੜ ਦਿੰਦੀ ਸੀ ਕਿ ਹੁਣ ਉਸਨੂੰ ਘੱਟ ਦਿਸਣ ਲੱਗ ਗਿਆ ਹੈ। ਪਰ ਉਸਦੇ ਆਪਣੇ ਹੱਥਾਂ ਦੀ ਬਣੀ ਦਵਾਈ ਦੀਆਂ ਦੋ ਬੂੰਦਾਂ ਉਹ ਜਰੂਰ ਅਗਲੇ ਦੀ ਅੱਖ ਵਿੱਚ ਪਾਉਂਦੀ। ਇਹ ਗੱਲ ਮੈਨੂੰ ਚੰਗੀ ਤਰ੍ਹਾਂ ਪਤਾ ਸੀ। ਪਰ ਬੇਬੇ ਦੀਆਂ ਸਖਤ ਹੋ ਚੁੱਕੀਆਂ ਉਂਗਲਾ ਵੱਲ ਦੇਖ ਕੇ ਮੈਥੋਂ ਕਿਹਾ ਗਿਆ

"ਪੱਕੇ ਖੰਗਰ ਵਰਗੀਆਂ ਤਾਂ ਉਂਗਲਾਂ ਐ ਤੇਰੀਆਂ। ਅੱਖ ਮੇਰੀ ਪਹਿਲਾਂ ਈ ਛਿੱਲੀ ਪਈ ਐ।"

ਉਹਨੇਂ ਜਿਵੇਂ ਮਿੰਨਤ ਈ ਕੀਤੀ ਹੋਵੇ।

" ਇੱਕ ਵਾਰੀ, ਪੁੱਤ ਬਣਕੇ। ਠੀਕ ਹੋਜੂ ਅੱਖ ਤੇਰੀ। ਮੈਨੂੰ ਬਾਅਲਾ ਤਰਸ ਆਈ ਜਾਂਦੈ ਤੇਰੇ ਤੇ।"

ਅਸਲ ਵਿੱਚ ਮੇਰੀ ਹਾਲਤ ਸੱਚ ਹੀ ਤਰਸਯੋਗ ਬਣੀ ਹੋਈ ਸੀ।

" ਲੈ ਤੂੰ ਲਾਹ ਲੈ ਚਾਅ ਆਵਦਾ।"

ਮੈਂ ਅੱਕ ਕੇ ਉਹਦੇ ਅੱਗੇ ਜਾ ਕੇ ਭੁੰਜੇ ਬੈਠ ਗਿਆ। ਤੇ ਬੇਬੇ ਨੇ ਵਾਹਿਗੁਰੂ ਕਹਿ ਕੇ ਆਪਣੀ ਚੁੰਨੀ ਦੇ ਇੱਕ ਲੜ ਨੂੰ ਆਪਣੀ ਉਂਗਲ ਤੇ ਲਪੇਟ ਕੇ ਜੀਭ ਨਾਲ ਗਿੱਲਾ ਕੀਤਾ। ਮੇਰੀ ਦੁਖਦੀ ਅੱਖ ਦੀ ਪਲਕ ਨੂੰ ਉੱਪਰ ਵੱਲ ਉਠਾ ਕੇ ਸੱਚਮੁੱਚ ਪੱਥਰ ਵਰਗੀ ਉਂਗਲ ਮੇਰੇ ਆਨੇ ਉੱਪਰ ਘੁਮਾਈ। ਅੱਖ ਵਿੱਚੋਂ ਪਾਣੀ ਵਗਣ ਲੱਗਾ। ਪੱਲਾ ਫੇਰ ਕੇ ਉਹਨੇ ਮੈਨੂੰ ਮੰਜੇ ਤੇ ਲੇਟਣ ਲਈ ਕਿਹਾ। ਅੱਖ ਵਿਚ ਦੋ ਬੂੰਦਾਂ ਦਵਾਈ ਪਾ ਕੇ ਉਹ ਆਪਣੇ ਚਰਖੇ ਕੋਲ ਜਾ ਬੈਠੀ। ਕੁਝ ਪਲ ਅੱਖ ਵਿੱਚ ਤੇਜ ਦਵਾਈ ਦੀ ਜਲਣ ਹੋਈ।ਮੈਨੂੰ ਨੀਂਦ ਆਉਣ ਲੱਗੀ ਤਾਂ ਸੌਂ ਗਿਆ ਇੱਕ ਘੰਟੇ ਬਾਅਦ ਜਾਗਿਆ ਤਾਂ ਅੱਖ ਦਾ ਦਰਦ ਗਾਇਬ ਸੀ। ਸ਼ੀਸ਼ੇ ਵਿੱਚ ਦੇਖਿਆ ਤਾਂ ਲਾਲੀ ਵੀ ਕਾਫੀ ਘਟ ਗਈ ਸੀ। ਮੈਂ ਸੌਂਹ ਖਾ ਕੇ ਕਹਿ ਸਕਦਾ ਹਾਂ ਕਿ ਮੈਂ ਸੱਚਮੁੱਚ ਉਸ ਦਿਨ ਆਪਣੀ ਬੇਬੇ ਦੇ ਹੱਥਾਂ ਵਿਚਲਾ ਜਾਦੂ ਆਪਣੀਆਂ ਅੱਖਾਂ ਨਾਲ ਦੇਖਿਆ। ਜਿਸ ਨਾਲ ਲੱਗਭੱਗ ਪੌਣੀ ਸਦੀ ਤੱਕ ਉਸਨੇ ਹਜਾਰਾਂ ਲੋਕਾਂ ਦੀਆਂ ਅੱਖਾਂ ਨੂੰ ਸ਼ਫਾਕਤ ਬਖਸ਼ੀ।

2018 ਨੂੰ ਸਾਡੀ ਬੇਬੇ 96 ਸਾਲ ਦੀ ਉਮਰ ਭੋਗ ਕੇ ਸਵਰਗਵਾਸ ਹੋ ਗਈ।



ਗੁਰਦੀਪ ਕੌਰੇਆਣਾ।

# ਕਨੇਡਾ ਯਾਤਰਾ ਦਾ ਸੱਚ


ਡਾ: ਅੰਮ੍ਰਿਤਪਾਲ ਸਿੰਘ ਚੇਅਰਮੈਨ ਸਿੱਖ ਸੇਵਾ ਮਿਸ਼ਨ ਲੁਧਿਆਣਾ ਨੇ ਯਾਤਰਾ ਦੌਰਾਨ ਜੋ ਕਨੇਡਾ ਦੇਸ਼ ਦੀ ਕਾਮਯਾਬੀ ਦੇਖੀ ਉਹ ਤੁਹਾਨੂੰ ਸ਼ਬਦਾਂ ਰਾਹੀ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ।

1. ਟ੍ਰੈਫਿਕ ਕਾਨੂੰਨ-ਜੀਰੋ % ਐਕਸੀਡੈਂਟ ।
2. ਸੜਕਾਂ ਸਾਫ਼ ਕੋਈ ਖੱਡਾ ਨਹੀ।
3. ਛੋਟਾ ਮੋਟਾ ਕੋਈ ਖੱਡਾ ਹੈ ਤਾਂ ਨਾਲ ਹੀ ਰਿਪੇਅਰ।
4. ਸਾਰੀ ਸੜਕ ਬਣਾਉਣ ਦੀ ਜ਼ਰੂਰਤ ਨਹੀਂ ।
5. ਗਰੀਨਰੀ ਬਹੁਤ ਜ਼ਿਆਦਾ।
6. ਸਫ਼ਾਈ ਦੀ ਕੋਈ ਕਮੀ ਨਹੀਂ ।
7. ਬਿਜਲੀ 24 ਘੰਟੇ 120 ਵੋਲਟੇਜ ਡੀ ਸੀ ਇੱਥੇ ਟਰਾਂਸਫਾਰਮਰ ਨਹੀਂ ਲੱਗੇ ਹੋਏ ।
8. ਰਸੋਈ ਬਿਜਲੀ ਚੁੱਲੇ ਬਾਥਰੂਮ ਗਰਮ ਪਾਣੀ।
9. ਸੁਪਰ ਸਟੋਰ ਫਿਕਸ ਪਰਾਈਜ਼ ।
10. ਬੈਸਟ ਕਵਾਲਟੀ ।
11. ਪੜ੍ਹੇ ਲਿਖੇ ਨੌਜਵਾਨ ਬੱਚੇ ਬੱਚੀਆਂ ਸਾਰੇ ਕਨੇਡਾ ।
12. ਭਾਰਤ ਕਦੀ ਵੀ ਵਿਦੇਸ਼ਾ ਦਾ ਮੁਕਾਬਲਾ ਨਹੀ ਕਰ ਸਕਦਾ ।
13. ਭਾਰਤ ਦੀਆਂ ਰਾਜਨੀਤਕ ਪਾਲਸੀਆਂ ਗਲਤ।
14. ਅੰਡਾਨੀ ਅੰਬਾਨੀ ਅਮੀਰ ਸਾਰਾ ਦੇਸ਼ ਗਰੀਬ।



ਗੁਰਦੀਪ ਕੌਰੇਆਣਾ।

# ਹਾਏ ! ਗਰਮੀ (ਮਿੰਨੀ ਕਹਾਣੀ)



ਗਿੱਲਾਂ ਵਾਲਿਆਂ ਦਾ ਕਰਨੈਲ ਚੌਂਤਰੇ ਉੱਤੇ ਲੱਗੀ ਹੋਈ ਛਬੀਲ ਤੋਂ ਪਾਣੀ ਪੀਣ ਲਈ ਟਰੈਕਟਰ ਰੋਕਦਾ ਤੇ ਛਬੀਲ ਦੀ ਸੇਵਾ ਕਰ ਰਹੇ ਬਾਬਾ ਪ੍ਰੀਤਮ ਸਿੰਘ ਨੂੰ ਕਹਿੰਦਾ ਬਾਬਾ ਫੁੱਲ... ਗਰਮੀ ਆ... ਹਾਏ ਗਰਮੀ... ਹਾਏ ਗਰਮੀ ਹੋਈ ਪਈ ਐ, ਕੋਲ ਬੈਠਾ ਗੁਰਨਾਮ ਕਹਿੰਦਾ ਹੁਣ ਹਾਏ ਗਰਮੀ ਹਾਏ ਗਰਮੀ ਕਰਦਾ ਜਦ ਤਾਂ ਅੱਗ ਲਾ ਕੇ ਰਾਹ ਆਲੇ ਤੇ ਮੜ੍ਹੀਆਂ ਵਾਲੇ ਦਰਖ਼ਤ ਫੂਕਤੇ....,

**ਬਲਬੀਰ ਸਿੰਘ ਬੱਬੀ 7009107300**




# ਇੱਕ ਜੰਗ ਦੀ ਕਹਾਣੀ

1977 'ਚ ਮੈਂ ਦੁਬਈ ਜਾਣ ਲਈ ਬੰਬੇ ( ਮੁੰਬਈ ) ਗਿਆ ਹੋਇਆ ਸੀ। ਏਜੰਟ ਵਲੋਂ ਰਹਿਣ ਲਈ ਦਿੱਤੀ ਗਈ ਖੋਲੀ (ਇੱਕ ਕਮਰਾ) ਚ ਅਸੀਂ ਸੱਤ - ਅੱਠ ਮੁੰਡੇ ਰਹਿ ਰਹੇ ਸੀ। ਏਜੰਟ ਦੀ ਰਿਹਾਇਸ਼ ਵੀ ਸਾਡੇ ਸਾਹਮਣੇ ਵਾਲੀ ਇਮਾਰਤ ਦੀ ਚੌਥੀ ਮੰਜ਼ਿਲ ਤੇ ਹੀ ਸੀ। ਉਸੇ ਕਮਰੇ ਚ ਅਸੀਂ ਚ ਖਾਣਾਂ ਬਣਾਇਆ ਕਰਦੇ ਸੀ। ਇੱਕ ਰਾਤ ਨੌ ਕੁ ਵਜੇ ਅਸੀਂ ਛੇ ਜਣੇਂ,ਭਾਂਡਿਆਂ ਦੀ ਕਮੀ ਕਾਰਣ, ਸਬਜ਼ੀ ਵਾਲੇ ਪਤੀਲੇ ਦੇ ਦੁਆਲੇ ਬੈਠੇ ਰੋਟੀ ਖਾ ਰਹੇ ਸੀ ਕਿ ਸਾਡੇ ਇੱਕ ਸਾਥੀ ਮਿੰਦਰ , ਸਾਹੋ ਸਾਹੀ ਹੋਇਆ, " ਲਫੜਾ ਹੋ ਗਿਆ, ਲਫੜਾ ਹੋ ਗਿਆ, " ਬੋਲਦਾ ਨੱਠ ਕੇ ਕਮਰੇ ਚ ਆ ਵੜਿਆ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਸਮਝਦੇ, ਉਸ ਦੇ ਪਿੱਛੇ ਨੱਠੇ ਆਉਦੇ ਤਾਰੇ ਨੇ ਜੁੱਤੀ ਵਗਾਹ ਕੇ ਮਾਰੀ। ਗਨੀਮਤ ਸਮਝੋ ਕਿ ਜੁੱਤੀ ਨਾ ਤਾਂ ਕਿਸੇ ਦੇ ਲੱਗੀ, ਤੇ ਨਾ ਹੀ ਰੋਟੀ ਚ ਡਿੱਗੀ। ਫਟਾ ਫਟ ਰੋਟੀ ਇੱਕ ਪਾਸੇ ਰੱਖਦਿਆਂ ਅਸੀਂ ਦੇਖਿਆ ਕਿ ਦੋਹਾਂ ਦੀ ਸ਼ਰਾਬ ਪੀਤੀ ਹੋਈ ਸੀ।
ਮਿੰਦਰ ਕਮਰੇ ਦੇ ਅੰਦਰ ਤੇ ਤਾਰਾ ਦਰਵਾਜ਼ੇ ਤੋਂ ਬਾਹਰ, ਵਿਚਕਾਰ ਅਸੀਂ।
ਤਾਰੇ ਨੂੰ ਪੁਛਿਆ ਕਿ, ਕੀ ਹੋਇਆ ? ਤਾਂ ਉਹ ਕਹਿੰਦਾ ਕਿ ਇਸ ਨੇ ਮੈਨੂੰ ਕੁੜੀ ਦੀ ਗਾਲ੍ਹ ਕੱਢੀ ਆ। ਮਿੰਦਰ ਕਹੇ ਮੈ ਗਾਲ੍ਹ ਨਹੀਂ ਕੱਢੀ। ਜੇ ਇਹ ਕਹਿ ਰਿਹਾ ਕਿ ਮੈਂ ਗਾਲ੍ਹ ਕੱਢੀ ਹੈ ਤਾਂ ਜਿਹੋ ਜਿਹੀ ਇਸ ਦੀ ਕੁੜੀ ਉਹੋ ਜਿਹੀ ਮੇਰੀ। ਫਿਰ ਵੀ ਮੈਂ ਗਲਤੀ ਮੰਨਦਾਂ। ਮੈਂ ਤਾਰੇ ਨੂੰ ਪੁਛਿਆ ਕਿ ਠੀਕ ਹੈ? ਸ਼ਰਾਬੀ ਬੰਦਾ, ਕਹੇ ਨਹੀਂ। ਬਾਹਰ ਗਲੀ ਚ ਆ ਕੇ ਮੁਆਫ਼ੀ ਮੰਗੇ। ਮਿੰਦਰ ਸਰੀਰ ਚ ਵੀ ਤਾਰੇ ਤੋਂ ਤਕੜਾ ਸੀ ਤੇ ਉਸ ਨੇ ਸ਼ਰਾਬ ਵੀ ਘੱਟ ਪੀਤੀ ਹੋਈ ਸੀ। ਫਿਰ ਵੀ ਲੜਾਈ ਝਗੜੇ ਤੋਂ ਡਰਦਾ ਉਹ ਬਾਹਰ ਨਾ ਆਵੇ। ਕਿਸੇ ਤਰ੍ਹਾਂ ਕਹਿ ਕਹਾ ਕੇ ਅਸੀਂ ਮਿੰਦਰ ਨੂੰ ਕਮਰੇ ਚ ਬਾਹਰ ਲੈ ਆਏ,ਮਿੰਦਰ ਨੇ ਮੁਆਫ਼ੀ ਮੰਗੀ ਤਾਂ ਤਾਰਾ ਕਹਿਣ ਲੱਗਾ ਨਹੀਂ, ਹੱਥ ਜੋੜ ਕੇ ਮੁਆਫ਼ੀ ਮੰਗੇ, ਨਹੀਂ ਤਾਂ ਮੈਂ ਲੰਘਾਹ ਦੇਣਾ। ( ਮਤਲਬ, ਮਾਰ ਦੇਣਾ।) ਮਿੰਦਰ ਨੇ ਹੱਥ ਜੋੜ ਕੇ ਮੁਆਫ਼ੀ ਮੰਗੀ ਤਾਂ ਤਾਰਾ ਕਹੇ ਨਹੀਂ, ਚੌਂਕ ਚ ਜਾ ਕੇ ਮੁਆਫ਼ੀ ਮੰਗੇ, ਨਹੀਂ ਮੈਂ ਲੰਘਾਹ ਦੇਣਾ, ਰਾਤ ਨਹੀਂ ਟੱਪਣ ਦਿੰਦਾ ਮੈਂ।
ਜਦੋਂ ਤਾਰੇ ਦੀ ਜਿਦ ਅੱਗੇ ਸਾਡਾ ਧੀਰਜ ਵੀ ਜੁਆਬ ਦੇ ਗਿਆ ਤਾਂ ਅਸੀਂ ਮਿੰਦਰ ਨੂੰ ਇਸ਼ਾਰਾ ਕਰ ਕਰ ਦਿੱਤਾ। ਫਿਰ ਮਿੰਦਰ ਨੇ ਸੜਕ ਚ ਸੁੱਟ ਕੇ ਤਾਰੇ ਦੇ ਚੰਗਾ ਗੋਡਾ ਫੇਰਿਆ। ਚੌਥੀ ਮੰਜ਼ਿਲ ਦੀ ਗੈਲਰੀ ਚ ਪਰਿਵਾਰ ਸਮੇਤ ਖੜਾ ਸਾਡਾ ਏਜੰਟ ਸੱਭ ਦੇਖ ਰਿਹਾ ਸੀ। ਪਰ ਉਹ ਬੋਲਿਆ ਕੁਝ ਨਾ।
ਚੰਗੀ ਤਰ੍ਹਾਂ ਕੁੱਟ ਖਾ ਕੇ, ਠੰਡਾ ਜਿਹਾ ਹੋਇਆ ਤਾਰਾ, ਅੰਦਰ ਆ ਕੇ ਸੌਂ ਗਿਆ। ਪਰ ਡਰਦਾ ਹੋਇਆ ਮਿੰਦਰ, ਅਗਲੀ ਇਮਾਰਤ ਚ ਚਲਦੀ ਕਰਿਆਨੇ ਦੀ ਦੁਕਾਨ ਦੇ ਥੜ੍ਹੇ ਤੇ ਜਾ ਸੁਤਾ।
ਸਵੇਰੇ ਸਾਢੇ ਸੱਤ ਕੁ ਵਜੇ ਜਦੋਂ ਅਸੀਂ ਚਾਹ ਪੀਣ ਹੋਟਲ ਤੇ ਗਏ ਤਾਂ ਤਾਰਾ ਤੇ ਮਿੰਦਰ ਇਕੱਠੇ ਬੈਠੇ ਚਾਹ ਪੀ ਰਹੇ ਸਨ। ( ਦੁੱਧ ਬੂਥ ਤੋਂ ਸਾਨੂੰ ਦੁੱਧ ਨਾ ਮਿਲਣ ਕਾਰਨ ਅਸੀਂ ਚਾਹ ਬਾਹਰ ਪੀਂਦੇ ਸੀ।) ਅਸੀਂ ਹੈਰਾਨ, ਕਿ ਇਹ ਕੀ ਰਿਹਾ?
ਦੋ ਦਿਨ ਬਾਅਦ ਚ ਪਤਾ ਲੱਗਾ ਕਿ ਉਨ੍ਹਾਂ ਨੇ ਸ਼ਰਾਬ ਪੀਣ ਦੀ ਸ਼ਰਤ ਲਾਈ ਸੀ,ਕਿ ਜਿਸ ਦੇ ਪਹਿਲਾਂ ਹੱਥ ਖੜੇ ਹੋ ਗਏ, ਸ਼ਰਾਬ ਦੇ ਪੈਸੇ ਉਹ ਦੇਵੇ ਗਾ। ਬੰਬੇ ,ਕੋਹਲੀਬਾੜਾ ਇਲਾਕੇ ਚ, ਜਿੱਥੇ ਅਸੀਂ ਰਹਿੰਦੇ ਸੀ, ਦੇਸੀ ਸ਼ਰਾਬ ( ਬਿਉੜਾ) ਸ਼ਰੇਆਮ ਵਿਕਦੀ ਹੁੰਦੀ ਸੀ।ਤਕਰੀਬਨ ਹਰ ਤੀਸਰੇ ਘਰ ਚ ਸ਼ਰਾਬ ਦਾ ਅੱਡਾ ਹੋਇਆ ਕਰਦਾ ਸੀ।ਪੀਂਦੇ ਪੀਂਦੇ ਜਦੋਂ ਬਿੱਲ 22 ਰੁ ਤੱਕ ਪਹੁੰਚ ਗਿਆ ਤਾਂ ਇਹਨਾਂ ਨੇ ਆਪਸ ਝਗੜਾ ਕਰ ਲਿਆ ਸੀ।( ਉਨ੍ਹਾਂ ਦਿਨਾਂ ਚ ਉੱਥੇ ਦੇਸੀ ਸ਼ਰਾਬ, " ਬਿਉੜਾ " 4 ਰੁ ਦੀ ਬੋਤਲ ਹੋਇਆ ਕਰਦੀ ਸੀ)
ਸਵੇਰੇ ਸਾਢੇ ਚਾਰ ਕੁ ਵਜੇ, ਜਦੋਂ ਸਾਡਾ ਏਜੰਟ, ਦੁੱਧ ਦੇ ਬੂਥ ਤੋਂ ਦੁੱਧ ਲੈਣ ਹੇਠਾਂ ਉਤਰਿਆ ਤਾਂ ਉਸ ਨੇ ਕਰਿਆਨੇ ਦੀ ਦੁਕਾਨ ਦੇ ਥੜ੍ਹੇ ਤੇ ਪਏ ਤਾਰੇ ਨੂੰ ਵਾਪਸ ਪੰਜਾਬ ਚਲੇ ਜਾਣ ਨੂੰ ਕਹਿ ਦਿੱਤਾ ਸੀ। ਮਿੰਦਰ ਉਸੀ ਸਮੇਂ ਉਥੋਂ ਉਠਿਆ, ਸ਼ਰਾਬ ਦੇ ਅੱਡੇ ਤੇ ਜਾ ਕੇ ਪੈਸੇ ਦਿੱਤੇ,ਤਾਰੇ ਨੂੰ ਨਾਲ ਲੈ ਕੇ ਏਜੰਟ ਤੋਂ ਮੁਆਫ਼ੀ ਮੰਗ ਕੇ,ਮੁੜ ਦੋਸਤ ਬਣ ਗਏ ਸਨ। ਹੁਣ ਜਦੋਂ ਵੀ ਕਦੇ ਮੈਂ ਦੋ ਭਰਾਵਾਂ / ਦੋਸਤਾਂ ਨੂੰ ਆਪਸ ਬਹਿਸ ਕਰਦੇ ਜਾਂ ਝਗੜਦੇ ਦੇਖਦਾ ਹਾਂ, ਨਜ਼ਰ ਫ਼ੇਰ ਕੇ ਅੱਗੇ ਲੰਘ ਜਾਂਦਾ ਹਾਂ।



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

# ਮਿੰਨੀ ਕਹਾਣੀ ' ਮੁੱਲ ਵਿਕੇਂਦਾ ਪਾਣੀ '

ਸਾਇਦ ਛੋਟੇ ਹੁੰਦਿਆਂ ਕਹਾਣੀ ਦਾ ਸਿਰਲੇਖ ਕਦੇ ਸੁਣਿਆ ਹੋਵੇ। ਮੁੱਲ ਵਿਕੇਂਦਾ ਪਾਣੀ ਵੇ ਸੱਜਣਾ। ਨਾਲ ਹੀ ਇੱਕ ਪੁਰਾਣੇ ਗੀਤ ਨੇ ਤਰੰਨਮ ਛੇੜ ਦਿੱਤੀ। ਲੋਕਾਂ ਦਾ ਦੁੱਧ ਵਿਕਦਾ, ਤੇਰਾ ਵਿਕਦੈ ਜੈ ਕੁਰੇ ਪਾਣੀ। ਕੱਚੀਆਂ ਖੂਹੀਆਂ 'ਤੇ ਡੋਲ ਨੇ ਖੜਕਦੇ, ਪਾਣੀ ਦੇ ਘੜਿਆਂ ਨੂੰ ਕੌਣ ਢੋਹੂਗਾ। ਭਾਬੀ ਸਾਗ ਨੂੰ ਜਾਈਂ,,,,,,
ਉਸ ਵਕਤ ਵੀ ਪਾਣੀ ਦੀ ਕੀਮਤ ਵਸੂਲੀ ਜਾਂਦੀ ਸੀ ਤੇ ਹੁਣ ਵੀ। ਮੈਂ ਗੱਲ ਕਰਨ ਲੱਗਾ ਹਾਂ, ਜਦ ਪਿੰਡਾਂ 'ਚ ਦੋ ਜਾਂ ਚਾਰ ਹਲਟੇ ਖੂਹ ਹੁੰਦੇ ਸਨ। ਉਦੋਂ ਵੀ ਜਾਤ ਪਾਤ ਲੋਕਾਂ ਦੇ ਮਨਾਂ ਵਿੱਚ ਪਲ ਰਹੀ ਸੀ। ਇੱਕੋ ਖੂਹ ਵਿੱਚ ਚਾਰ ਬੋਕੇ ( ਚਮੜੇ ਦੀ ਮਸ਼ਕ ) ਲਮਕਾਏ ਜਾਂਦੇ ਸਨ। ਅੱਡ ਅੱਡ ਧਰਮਾਂ, ਗੋਤਾਂ ਜਾਤਾਂ ਦੇ ਘਰਾਂ ਵਿੱਚ ਪਾਣੀ ਭਰਿਆ ਜਾਂਦਾ ਸੀ। ਪਰ ਪਾਣੀ ਇੱਕ ਖੂਹ'ਚੋਂ ਇੱਕੋ ਹੀ ਧਰਤੀ 'ਚੋਂ ਨਿਕਲਦਾ। ਜੇ ਮਹਿਰੇ ਸਿੱਖ ਘਰ ਘਰ ਪਹੁੰਚਾਉਣ ਦੀ ਸੇਵਾ ਨਿਭਾਉਂਦੇ। ਉਹਨਾਂ ਨੂੰ ਮਿਹਨਤਾਨਾ ਮਾਲ ਮਹਿਕਮੇ ਮਿਸਲ ਹਕੀਅਤ ( ਮੁਰੱਬਾਬੰਦੀ ਦੀ ਜਮਾਂਬੰਦੀ ) ਮੁਤਾਬਿਕ ਤਹਿ ਕੀਤਾ ਗਿਆ ਹੀ ਮਿਲਦਾ। ਜਿਸ ਵਿੱਚ ਹਰੇਕ ਕੰਮੀਕਾਰ ਵਿਅਕਤੀ ਦੇ ਕੰਮ ( ਕਿਸਾਨ ਨਾਲ ਸੇਪੀ ) ਲਈ ਦਾਣਾ ਫੱਕਾ ਦੇਣ ਬਾਰੇ ਨਕਸ਼ਾ ਵਾਜਬੁਲ ਅਰਜ਼ ਮੌਜੂਦ ਹੈ।
ਪੰਜਾਬ 'ਚ ਨਹਿਰਾਂ ਵਗੀਆਂ ਚੱਲੀਆਂ ਕਿਸਾਨ ਦੇ ਖੇਤਾਂ ਨੂੰ ਸਿੰਝਣ ਦਾ ਕੰਮ ਕਰਦੀਆਂ। ਸਰਕਾਰਾਂ ਨੇ ਮਹਿਕਮਾ ਨਹਿਰ ਬਣਾ ਕੇ ਕਿਸਾਨ ਕੋਲੋਂ ਨਹਿਰੀ ਮਾਮਲਾ ਉਗਰਾਹੁਣ ਲਈ ਨੰਬਰਦਾਰਾਂ ਦਾ ਪ੍ਰਬੰਧ ਕਰ ਲਿਆ।
ਫਿਰ 1966 ਵਿੱਚ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ( ਜੋ ਇਮਾਨਦਾਰੀ ਦੀ ਮਿਸਾਲ ਵਜੋਂ ਜਾਣੇ ਜਾਂਦੇ ਹਨ ) ਨੇ ਹਰੀ ਕਰਾਂਤੀ ਲਿਆਂਦੀ ਕਿਸਾਨ ਨੂੰ ਨਹਿਰੀ ਖਾਲੇ ਪੱਕੇ ਕਰਨ,ਧਰਤੀ 'ਚੋਂ ਪਾਣੀ ਕੱਢਣ ਲਈ ਬੋਰ ਲਵਾਉਣ ਤੇ ਚਲਾਉਣ ਵਾਲੇ ਡੀਜ਼ਲ ਇੰਜਨਾਂ ਵਾਸਤੇ ਲੋਨ ( ਕਰਜ਼ੇ ) ਦਿੱਤੇ ਗਏ। ਜਿਸ ਦੀਆਂ ਕਿਸਾਨ ਨੂੰ ਕਿਸ਼ਤਾਂ ਭਰਣੀਆਂ ਪੈਂਦੀਆਂ।
ਸਮਾਂ ਆਪਣੀ ਤੋਰ ਤੁਰਦਾ ਰਿਹਾ। ਬਿਜਲਈ ਮੀਡੀਆ ਤੇ ਯੁੱਗ ਮਸ਼ੀਨੀ ਦਾ ਆ ਗਿਆ। ਬਿਜਲੀ ਮੋਟਰਾਂ ਲੱਗ ਗਈਆਂ। ਬਿਜਲੀ ਬਿੱਲ ਭਰਦੇ ਕਿਸਾਨ ਉਕਤਾ ਗਏ। ਸਾਡੇ ਹਰਮਨ ਪਿਆਰੇ ਮੁੱਖ ਮੰਤਰੀ ਜੀ ਨੇ ਵੋਟਾਂ ਲਈ ਪੱਤਾ ਖੇਡ ਕੇ ਮੋਟਰਾਂ ਦੀ ਬਿਜਲੀ ਫਰੀ ਕਰ ਦਿੱਤੀ। ਕਿਸਾਨ ਖੁਸ਼ ਪਰੰਤੂ ਪੂਰਤੀ ਘਰਾਂ ਦੇ ਬਿਜਲੀ ਮੀਟਰਾਂ ਤੋਂ ਪੂਰੀ ਕਰ ਲਈ। ਬਾਅਦ ਵਿੱਚ ਉਸੇ ਸਰਕਾਰ ਨੇ ਮੋਟਰਾਂ ਦੇ ਬਿੱਲ ਮੁਆਫ ਕਰ ਉਹਨਾਂ ਦਾ ਬੋਝ ਘਰਾਂ ਦੇ ਬਿਜਲੀ ਮੀਟਰਾਂ 'ਤੇ ਪਾ ਕੇ ਖ਼ਜ਼ਾਨਾ ਭਰ ਲਿਆ। ਦੂਜੀ ਸ਼ਤਰੰਜ ਦੀ ਗੋਟੀ ਐਸੀ ਖੇਡੀ ਕਿ, ਘਰਾਂ ਦੇ ਬਿਜਲੀ ਮੀਟਰਾਂ ਦੇ ਬਿੱਲ ਵੀ ਕਿਸੇ ਹੱਦ 'ਚ ਰਹਿ ਕੇ ਮੁਆਫ ਕਰ ਦਿੱਤੇ।
ਫਿਰ ਬਦਲਾਅ ਸਰਕਾਰਾਂ ਕਾਫ਼ੀ ਸਾਰੀਆਂ ਯੂਨਿਟਾਂ ਕਰ ਦਿੱਤੀਆਂ ਸਾਰਿਆਂ ਨੂੰ। ਪਰੰਤੂ ਸਰਕਾਰ ਨੂੰ ਕਰਜ਼ਈ ਬਣਾ ਕੇ। ਘਰਦੀਆਂ ਤੇ ਖੇਤਾਂ ਦੀਆਂ ਮੋਟਰਾਂ ਪਾਣੀ ਮੁਫ਼ਤ 'ਚ ਕੱਢ ਰਹੀਆਂ ਹਨ। ਅਸੀਂ ਪੰਜਾਬੀ ਉਸ ਦਾ ਮੁੱਲ ਕਿਸੇ ਨਾ ਕਿਸੇ ਰੂਪ ਵਿੱਚ ਉਤਾਰ ਰਹੇ ਹਾਂ। ਸਵੇਰ ਵੇਲੇ ਜਿਹੜਾ ਪਾਣੀ ਕੁਰਲੀ ਤੇ ਨਹਾਉਣ ਲਈ ਵਰਤਦੇ ਹਾਂ ਬਿੱਲ ਤਾਂ ਮਿਉਂਸਪਲ ਕਮੇਟੀ ਨੂੰ ਵੀ ਭਰਿਆ ਜਾਂਦਾ ਹੈ।
ਹੁਣ ਗੱਲ ਕਰਦੇ ਹਾਂ ਕਿ, ਕੁਦਰਤੀ ਪਾਣੀ ਜੋ ਬਾਰਿਸ਼ਾਂ ਦੇ ਰੂਪ ਵਿੱਚ ਆਉਂਦਾ ਹੈ। ਉਸ 'ਤੇ ਵੀ ਮਨੁੱਖ ਦੇ ਮਾਸਟਰ ਦਿਮਾਗ਼ ਨੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦੇਸ਼ਾਂ ਤੇ ਰਾਜਾਂ ਦੀਆਂ ਲਕੀਰਾਂ ਖਿੱਚ ਦਿੱਤੀਆਂ। ਪਾਣੀ ਮੁੱਲ ਵੇਚਣ ਦੇ ਜ਼ਰੀਏ ਪੈਦਾ ਕਰ ਲਏ। ਲੜਾਈ ਕੋਈ ਹੋਰ ਸੀ ਪਰੰਤੂ ਘੜੀਸਿਆ ਪਾਣੀ ਨੂੰ ਹੀ ਉਹ ਭਾਵੇਂ ਪੁਰਾਣੇ ਪੰਜਾਬ ਦਾ ਹੋਵੇ। ਜਿਹਲਮ, ਚਨਾਬ,ਰਾਵੀ,ਸਿੰਧ,ਬਿਆਸ, ਸਤਲੁਜ,ਜਮਨਾ। ਜਿਹਨਾਂ ਦੀ ਕੀਮਤ ਪਾ ਕੇ ਵੰਡ ਕੀਤੀ ਜਾ ਰਹੀ ਹੈ,,,,,,,,,



ਗੁਰਮੀਤ ਸਿੰਘ ਸਿੱਧੂ
ਕਾਨੂੰਗੋ ਫਰੀਦਕੋਟ।
8146593089

# ਔਲਾਦ ਗਰੀਬੀ ਤੇ ਮਜਬੂਰੀ

"ਸਾਬ ਜੀ ਮੇਰਾ ਲੜਕਾ ਖੜੀਚ ਗਿਆ ਤਿੰਨ ਦਿਨ ਹੋਗੇ।" ਸਾਡੇ ਸਕੂਲ ਦੇ ਮਾਲੀ ਰਾਮੂ ਨੇ ਹੱਥ ਜੋੜਦੇ ਹੋਏ ਮੈਨੂੰ ਕਿਹਾ। ਰਾਮੂ ਸਾਡੇ ਸਕੂਲ ਦਾ ਪੱਕਾ ਮਾਲੀ ਨਹੀਂ ਸੀ। ਅਸੀਂ ਉਸ ਨੂੰ ਪੀਟੀਏ ਫੰਡ ਚੋ ਕੋਈਂ ਅੱਠ ਕੁ ਸੋ ਰੁਪਏ ਮਹੀਨਾ ਦਿੰਦੇ ਸੀ। ਉਹ ਸਕੂਲ ਦੀ ਫੁਲਵਾੜੀ ਵਿੱਚ ਗੇੜੀ ਮਾਰਦਾ ਸੀ ਤੇ ਰਾਤੀ ਸਕੂਲ ਵਿੱਚ ਚੌਕੀਦਾਰੀ ਵੀ ਕਰਦਾ ਸੀ। ਅਸੀਂ ਉਸ ਨੂੰ ਸਕੂਲ ਦੇ ਪਿਛਲੇ ਪਾਸੇ ਬਣਿਆ ਇੱਕ ਕੱਚਾ ਜਿਹਾ ਕਮਰਾ ਰਹਿਣ ਨੂੰ ਦਿੱਤਾ ਹੋਇਆ ਸੀ। ਸਮਝੋ ਸਕੂਲ ਦਾ ਗਰਾਊਂਡ ਉਸਦਾ ਵੇਹੜਾ ਸੀ। ਦਿਨ ਵੇਲੇ ਉਹ ਨਾਲ ਲੱਗਦੀ ਦਾਨਾ ਮੰਡੀ ਵਿੱਚ ਕੰਮ ਕਰਦਾ ਅਤੇ ਇੰਨੇ ਨਾਲ ਹੀ ਉਹ ਆਪਣੇ ਵੱਡੇ ਸਾਰੇ ਪਰਿਵਾਰ ਨੂੰ ਪਾਲ ਰਿਹਾ ਸੀ। ਇਹ ਪੂਰਬੀਏ ਬਹੁਤ ਘੱਟ ਪੈਸਿਆਂ ਨਾਲ ਗੁਜ਼ਰ ਬਸਰ ਕਰ ਲੈਂਦੇ ਹਨ।
"ਖੜੀਚ ਗਿਆ? ਮੈਂ ਸਮਝਾ ਨਹੀਂ।" ਮੈਂ ਉਸ ਨੂੰ ਪੁੱਛਿਆ।
"ਵੋਹ ਘਰ ਸੇ ਭਾਗ ਗਿਆ। ਗੁੰਮ ਹੋ ਗਿਆ ਹੈ।" ਉਸਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।
"ਭਾਈ ਉਸੇ ਢੂੰਡ ਲੇ। ਆਸ ਪੜੋਸ ਕੇ ਗਾਓਂ ਸੇ ਪਤਾ ਕਰੋ। ਆਪਣੇ ਵਤਨ ਜਾ ਕਰ ਦੇਖ ਆਓਂ। ਮਿਲ ਜਾਏਗਾ।" ਉਸਨਾਲ ਹਮਦਰਦੀ ਜਿਤਾਉਂਦੇ ਹੋਏ ਨੇ ਮੈਂ ਕਿਹਾ।
"ਨਹੀਂ ਸਾਬ ਜੀ ਕਹਾਂ ਢੂੰਡੂ ਉਸੇ। ਆਠ ਸੌ ਮੈਂ ਪਰਿਵਾਰ ਚਲਾਉਂ ਜਾਂ ਉਸਕੇ ਲੀਏ ਦੌੜਤਾ ਰਹੂੰ।" ਉਸਨੇ ਠੰਡਾ ਹੌਕਾ ਲੈਂਦੇ ਹੋਏ ਨੇ ਕਿਹਾ। ਗੱਲ ਆਈ ਗਈ ਹੋ ਗਈ। ਗਰੀਬ ਆਦਮੀ ਇੱਥੇ ਆਕੇ ਮਜਬੂਰ ਹੋ ਜਾਂਦਾ ਹੈ। ਪ੍ਰੰਤੂ ਉਸ ਦੇ ਅੰਦਰ ਆਪਣੇ ਲੜਕੇ ਨੂੰ ਲੈਕੇ ਖਿੱਚ ਬਰਕਰਾਰ ਸੀ। ਪ੍ਰੰਤੂ ਗਰੀਬੀ ਕਰਕੇ ਉਸਨੇ ਉਸ ਗਮ ਨੂੰ ਦਬਾ ਰੱਖਿਆ ਸੀ। ਫਿਰ ਰਾਮੂ ਬਿਮਾਰ ਰਹਿਣ ਲੱਗ ਪਿਆ। ਹੁਣ ਉਹ ਵੇਹੜੇ ਵਿਚਲੀ ਮੰਜੀ ਤੇ ਪਿਆ ਆਪਣੀ ਖਤਮ ਹੋ ਚੁੱਕੀਆਂ ਅੱਖਾਂ ਨਾਲ ਦੂਰ ਸੜਕ ਵੱਲ ਵੇਖਦਾ ਰਹਿੰਦਾ। ਸ਼ਾਇਦ ਉਹ ਉਸੇ ਦਾ ਇੰਤਜ਼ਾਰ ਕਰਦਾ ਸੀ। ਉਹਨਾਂ ਉਡੀਕ ਭਰੀਆਂ ਅੱਖਾਂ ਨਾਲ ਉਹ ਗਰੀਬੀ ਦਾ ਭੰਨਿਆ ਬਾਪ ਇੱਕ ਦਿਨ ਇਸ ਜਹਾਨੋਂ ਕੂਚ ਕਰ ਗਿਆ ਅਤੇ ਆਪਣੇ ਪਿੱਛੇ ਸਮਾਜ ਲਈ ਕੁਝ ਸਵਾਲ ਛੱਡ ਗਿਆ।
ਮੇਰੇ ਦੋਸਤ ਸ੍ਰੀ ਹੇਮੰਤ ਕਾਮਰਾ ਨੇ ਆਪਣੇ ਸਕੂਲ ਦੀ ਇਹ ਘਟਨਾ ਸੁਣਾਈ। ਜਿਸ ਨੂੰ ਸੁਣਕੇ ਮੇਰੀ ਵੀ ਰੂਹ ਕੰਬ ਗਈ। ਗਰੀਬੀ ਅਤੇ ਮਜਬੂਰੀ ਇਨਸਾਨ ਨੂੰ ਕੀ ਤੋਂ ਕੀ ਬਣਾ ਦਿੰਦੀਆਂ ਹਨ। ਉਥੇ ਔਲਾਦ ਦਾ ਦਰਦ ਵੀ ਦਰਦ ਨਹੀਂ ਲੱਗਦਾ।
ਉ ਗੱਲ ਆ ਇੱਕ।



ਰਮੇਸ਼ ਸੇਠੀ ਬਾਦਲ
9876627233

# ਸੰਤ ਸਤਿਗੁਰੂ ਕਬੀਰ ਸਾਹਿਬ ਜੀ ਦਾ ਜੀਵਨ ਤੇ ਸੰਦੇਸ਼

ਸਤਿਗੁਰੂ ਕਬੀਰ ਸਾਹਿਬ ਜੀ ਭਾਰਤ ਦੇ ਸਭ ਤੋਂ ਵੱਧ ਕ੍ਾਂਤੀਕਾਰੀ ਧਾਰਮਿਕ ਸਮਾਜਿਕ ਸੰਤ ਹਨ। ਉਨ੍ਹਾਂ ਦੀ ਪਵਿੱਤਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਸਾਹਿਬ ਜੀ ਜਲਾਹਾ ਜਾਤ ਵਿੱਚ ਪੈਦਾ ਹੋਏ। ਆਪ ਦਾ ਜਨਮ 1398 ਨੂੰ ਬਨਾਰਸ ਉੱਤਰ ਪ੍ਰਦੇਸ਼ ਵਿੱਚ ਹੋਇਆ ਸੀ। ਆਪ ਜੀ ਦੇ ਪਿਤਾ ਦਾ ਨਾਮ ਨੀਰੂ ਤੇ ਮਾਤਾ ਦਾ ਨਾਮ ਨਾਮ ਸੀ। ਆਪ ਦੇ ਮਾਤਾ ਪਿਤਾ ਜੀ ਇਸਲਾਮ ਧਰਮ ਨੂੰ ਮੰਨਦੇ ਸਨ। ਆਪ ਜੀ ਨੇ ਆਪਣੇ ਪਿਤਾ ਜੀ ਕੋਲ ਕਪੜੇ ਬੁਣਨ ਦਾ ਕੰਮ ਸਿੱਖਿਆ। ਇਸ ਨਾਲ ਪਰਿਵਾਰ ਦਾ ਗੁਜ਼ਾਰਾ ਚਲਾਇਆ। ਭਗਵਾਨ ਬੁੱਧ ਦੇ ਬਾਅਦ ਆਪ ਅਜਿਹੇ ਬਹੁਜਨ ਮਹਾਪੁਰਸ਼ ਹੋਏ ਹਨ ਜਿੰਨਾ ਨੇ ਬ੍ਾਹਮਣਵਾਦ ਨੂੰ ਚੁਣੌਤੀ ਦਿੱਤੀ। ਉਨ੍ਹਾਂ ਨੇ ਵਰਣ ਵਵਿਵਸਥਾ ਦੇ ਅਨੁਸਾਰ ਬਣੇ ਸਿਸਟਮ ਨੂੰ ਚਣੌਤੀ ਦਿੱਤੀ। ਆਪ ਨੇ ਬ੍ਰਾਮਣ ਦੀ ਪ੍ਰਧਾਨਗੀ ਨੂੰ ਚਣੌਤੀ ਦਿੱਤੀ। ਗੁਰੂ ਸਾਹਿਬ ਜੀ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ।

ਕਹੁ ਰੇ ਪੰਡਤ ਬਾਮਨ ਕਬ ਕੇ ਹੋਏ॥<br>
ਬਾਮਨ ਕਹਿ ਕਹਿ ਜਨਮੁ ਮਤ ਖੋਇ॥

ਗੁਰੂ ਸਾਹਿਬ ਜੀ ਕਹਿੰਦੇ ਹਨ ਹੇ ਪੰਡਤ ਦਸ ਤੂੰ ਕਦੋਂ ਦਾ ਬ੍ਰਾਮਣ ਬਣਿਆ ਹੈ। ਗੁਰੂ ਸਾਹਿਬ ਦੇ ਸਮੇਂ ਬ੍ਰਾਮਣ ਵਰਗ ਦੀ ਸਰਦਾਰੀ ਸੀ। ਉਨ੍ਹਾਂ ਨੇ ਸਭ ਤੋਂ ਪਹਿਲਾਂ ਹੱਲਾ ਬ੍ਰਾਮਣ ਵਰਗ ਦੇ ਵਿਰੁੱਧ ਬੋਲਿਆ।

ਗੁਰੂ ਸਾਹਿਬ ਬਾਣੀ ਰਾਹੀਂ ਕਹਿੰਦੇ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ॥

ਭਾਵ ਬ੍ਰਾਮਣ ਸਾਡਾ (ਬਹੁਜਨ ਸਮਾਜ) ਗੁਰੂ ਨਹੀਂ ਹੈ। ਬ੍ਰਾਮਣ ਮਨੂੰ ਦੀ ਸੋਚ ਤੇ ਪਹਿਰਾ ਦਿੰਦਾ ਸੀ। ਗੁਰੂ ਸਾਹਿਬ ਜੀ ਇਸ ਫਲਸਫੇ ਨੂੰ ਰੱਦ ਕਰਕੇ ਮਾਨਵਤਾਵਾਦੀ ਫਲਸਫਾ ਦਿੱਤਾ। ਗੁਰੂ ਸਾਹਿਬ ਜੀ ਨੇ ਪ੍ਰੇਮ ਪਿਆਰ ਤੋਂ ਸੁੱਖਣੇ ਪੁਜਾਰੀ ਵਰਗ ਬੇਵਾਕ ਹੋ ਕੇ ਉਨ੍ਹਾਂ ਦੀਆਂ ਸਮਾਜਿਕ ਬੁਰਾਈਆਂ ਤੇ ਪਾਪਾਂ ਦਾ ਪਰਦਾ ਫਾਸ ਕੀਤਾ ਹੈ।

ਪੋਥੀ ਪੜਿ ਪੜਿ ਜਗ ਮੂਆ, ਪੰਡਿਤ ਭਯਾ ਨ ਕੋਇ॥<br>
ਢਾਈ ਅੱਖਰ ਪ੍ਰੇਮ ਕੇ ਪੜੇ ਸੋ ਪੰਡਿਤ ਹੋਇ॥

ਰੱਬ ਨੂੰ ਪਾਣ ਲਈ ਲੋਕ ਬ੍ਰਾਮਣ ਦੇ ਕਹੇ ਅਨੁਸਾਰ ਪੱਥਰ ਦੀਆਂ ਮੂਰਤੀਆਂ ਨੂੰ ਪੂਜਦੇ ਸਨ। ਗੁਰੂ ਸਾਹਿਬ ਕਹਿੰਦੇ ਹਨ ਕਿ ਪੱਥਰ ਪੂਜਣ ਨਾਲ ਰੱਬ ਨਹੀਂ ਮਿਲਦਾ। ਘਰ ਦੀ ਆਟਾ ਪੀਹਣ ਵਾਲੀ ਚੱਕੀ ਨੂੰ ਕੋਈ ਨਹੀਂ ਪੂਜਦਾ। ਜੋ ਸੰਸਾਰ ਨੂੰ ਆਟਾ ਪੀਸ ਕੇ ਦਿੰਦੀ ਹੈ। ਆਪ ਕਹਿੰਦੇ ਹਨ।

ਪੱਥਰ ਪੂਜੇ ਹਰਿ ਮਿਲੇ, ਤੋਂ ਮੈਂ ਪੂਜਦੇ ਪਹਾੜ॥<br>
ਘਰ ਕੀ ਚਾਕੀ ਕੋਇ ਨ ਪੂਜੇ, ਪੀਸ ਖਾਏ ਸੰਸਾਰ।

ਮਹਾਤਮਾ ਬੁੱਧ ਨੇ ਭੁੱਖ ਨੂੰ ਪਾਪ ਕਿਹਾ ਹੈ। ਗੁਰੂ ਸਾਹਿਬ ਜੀ ਨੇ ਕਿਹਾ ਹੈ ਸਾਨੂੰ ਕਿਸੇ ਦੇ ਮਗਰ ਲੱਗ ਕੇ ਅਗਲਾ ਜਨਮ ਸਵਾਰਨ ਲਈ ਭਗਤੀ ਨਹੀਂ ਕਰਨੀ ਚਾਹੀਦੀ। ਸਗੋਂ ਇਸ ਜਨਮ ਵਿੱਚ ਇਜਤ ਨਾਲ ਰਹਿਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਇਸ ਵਾਸਤੇ ਜਿੰਨਾ ਵੀ ਤਿਆਗ ਕਰਨਾ ਪਵੇ ਉਹ ਘੱਟ ਹੈ। ਆਪ ਫਰਮਾਉਂਦੇ ਹਨ।

ਭੂਖੇ ਭਗਤਿ ਨ ਕੀਜੈ॥<br>
ਯਹ ਮਾਲਾ ਆਪਨੀ ਲੀਜੈ॥

ਗੁਰੂ ਸਾਹਿਬ ਜੀ ਕਹਿੰਦੇ ਹਨ ਜਿਹੜੇ ਲੋਕ ਵਰਣਨ ਵਿਵਸਥਾ ਨੂੰ ਮੰਨ ਕੇ ਬ੍ਰਾਮਣ ਵਰਗ ਵਿੱਚ ਜਨਮ ਲੈ ਕੇ ਵੱਖਰੇ ਭੇਸ ਧਾਰ ਕੇ ਤਿਹਰੀਆਂ ਧੋਤੀਆਂ ਪਹਿਨ ਕੇ ਹੱਥਾਂ ਵਿੱਚ ਲੋਟੇ ਫੜ ਕੇ ਮੱਥੇ ਤਿਲਕ ਲਗਾ ਕੇ ਆਪਣੇ ਆਪ ਨੂੰ ਪਵਿੱਤਰ ਤੇ ਸੂਦਰਾਂ ਨੂੰ ਨੀਚ ਮੰਨਦੇ ਹਨ, ਉਹ ਪਰਮੇਸ਼ੁਰ ਦੇ ਸੰਤ ਨਹੀਂ ਬਨਾਰਸ ਦੇ ਠੱਗ ਹਨ। ਗੁਰੂ ਜੀ ਫਰਮਾਉਂਦੇ ਹਨ।

ਗਜ ਗਜ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ॥<br>
ਗਲੀ ਜਿਨ੍ਹ ਜਪਮਾਲੀਆ ਲੋਟੇ ਹਥਿ ਨਿਬਗ॥<br>
ਓਇ ਹਰਿ ਕੇ ਸੰਤ ਨ ਆਖੀਅਹਿ ਬਨਾਰਸ ਕੇ ਠਗ॥


ਸਤਿਗੁਰੂ ਕਬੀਰ ਸਾਹਿਬ ਜੀ ਕਹਿੰਦੇ ਹਨ ਭਿੱਖਿਆ ਮੰਗ ਕੇ ਖਾਣ ਨਾਲੋਂ ਮਰਨ ਚੰਗਾ ਹੈ। ਆਪ ਫਰਮਾਉਂਦੇ ਹਨ

ਮੰਗਨ ਮਰਨ ਸਮਾਨ ਹੈ ਮਤ ਕੋਈ ਮੰਗੋਂ ਭੀਖ॥<br>
ਮੰਗਨ ਤੋਂ ਮਰਨਾ ਭਲਾ ਇਹ ਸਤਿਗੁਰੂ ਕੀ ਸੀਖ॥

ਸਾਡੀ ਬਰਵਾਦੀ ਦਾ ਕਾਰਨ ਅਗਿਆਨਤਾ ਹੈ। ਅਗਿਆਨਤਾ ਨੂੰ ਖੱਤਮ ਕਰਨ ਲਈ ਗਿਆਨ ਦੀ ਹਨੇਰੀ ਚਲਾਉਣ ਲਈ ਕਿਹਾ। ਆਪ ਜੀ ਫਰਮਾਉਂਦੇ ਹਨ

ਦੇਖੋ ਭਾਈ ਗਿਆਨ ਕੀ ਆਈ ਆਂਧੀ॥<br>
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥

ਲੋਕ ਬ੍ਰਾਮਣ ਨੂੰ ਹੀ ਗੁਰੂ ਮੰਨਦੇ ਸਨ। ਪਰ ਆਪ ਨੇ ਕਿਸੇ ਦੇਹਧਾਰੀ ਨੇ ਗੁਰੂ ਨਹੀਂ ਮੰਨਿਆ। ਆਪ ਜੀ ਨੇ ਕਿਹਾ ਕਿ ਮੇਰਾ ਗੁਰੂ ਗਿਆਨ ਹੈ।




ਕਹੁ ਕਬੀਰ ਮੈ ਸੋ ਗੁਰੂ ਪਾਇਆ ਜਾ ਕਾ ਨਾਉ ਬਿਬੇਕ॥ ( ਗਿਆਨ,)

ਬ੍ਰਾਮਣ ਦਾ ਕਹਿਣਾ ਸੀ ਦੇਵਤੇ ਮੰਤਰਾਂ ਦੇ ਅਧੀਨ ਹਨ। ਮੰਤਰ ਬ੍ਰਾਮਣ ਦੇ ਅਧੀਨ ਹਨ। ਮੰਤਰ ਨਾਲ ਬ੍ਰਾਮਣ ਕਿਸੇ ਦਾ ਭਲਾ ਬੁਰਾ ਕਰ ਸਕਦੇ ਹਨ। ਮੰਤਰਾਂ ਤੇ ਵਿਸ਼ਵਾਸ ਕਰਨ ਨਾਲ ਦੇਸ ਦਾ ਨੁਕ-ਸਾਨ ਹੋਇਆ ਹੈ। ਵਿਦੇਸ਼ੀ ਲੋਕ ਬ੍ਰਾਮਣ ਦੇ ਕਹਿਣ ਤੇ ਮੰਤਰ ਪੜਦੇ ਰਹੇ। ਵਿਦੇਸ਼ੀ ਹਮਲ-ਾਵਰ ਲੋਕਾਂ ਨੂੰ ਮਾਰ ਕੇ ਸੋਨਾ ਚਾਂਦੀ ਅਤੇ ਹੀਰੇ ਲੁੱਟ ਲੈ ਗਏ। ਮੰਤਰਾਂ ਨੇ ਕੁਝ ਨਹੀਂ ਕੀਤਾ। ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ।

ਜੰਤਰ ਮੰਤਰ ਸਭ ਝੂਠ ਹੈ ਮਤ ਮਾਨੋ ਜਗ ਕੋਇ॥

ਸੱਚਾਈ ਦਾ ਗਿਆਨ ਹੋਣ ਤੇ ਗੁਰੂ ਸਾਹਿਬ ਅਜਿਹੀ ਅਵਸਥਾ ਵਿੱਚ ਪਹੁੰਚ ਚੁੱਕੇ ਸਨ ਜਿਥੇ ਮੌਤ ਦਾ ਡਰ ਨਹੀਂ। ਗੁਰੂ ਸਾਹਿਬ ਕੁਦਰਤ ਨੂੰ ਜਾਣ ਗਏ ਸਨ। ਅਸੀਂ ਸਭ ਕੁਦਰਤ ਦੇ ਬੰਦੇ ਹਾਂ। ਜਿਥੇ ਜਨਮ ਹੈ ਉਥੇ ਮੌਤ ਵੀ ਹੈ, ਮਨੁੱਖ ਨੂੰ ਮੌਤ ਤੋਂ ਡਰਨਾ ਨਹੀਂ ਚਾਹੀਦਾ। ਮਨੁੱਖ ਜਿਹਨਾਂ ਤੱਤਾਂ ਤੋਂ ਬਣਦਾ ਹੈ ਉਨ੍ਹਾਂ ਤੱਤਾਂ ਵਿੱਚ ਮਰਨ ਤੋਂ ਬਾਅਦ ਸਮਾ ਜਾਂਦਾ ਹੈ। ਮਨੁੱਖ ਹਵਾ, ਅੱਗ ਪਾਣੀ ,ਮਿੱਟੀ ਆਦਿ ਤੱਤਾਂ ਦੇ ਮਿਲਣ ਨਾਲ ਬਣਦਾ ਹੈ। ਜਦੋਂ ਤੱਤਾਂ ਵੱਧ ਘੱਟ ਹੁੰਦੇ ਹਨ ਤਦ ਬੰਦੇ ਦੀ ਮੌਤ ਹੋ ਜਾਂਦੀ ਹੈ।

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦ॥ ਮਰਨੈ ਹੀ ਤੇ ਪਾਈਐ ਪੂਰਨੁ ਪਰਮਾਨੰਦ॥

ਬ੍ਰਾਮਣ ਵੜੇ ਮਾਣ ਨਾਲ ਕਹਿੰਦੇ ਹਨ ਕਿ ਅਸੀਂ ਉੱਚ ਜਾਤ ਚ ਹਾਂ। ਕਬੀਰ ਸਾਹਿਬ ਜੀ ਨੇ ਕਦੇ ਵੀ ਆਪਣੀ ਜਾਤ ਨਹੀਂ ਛਪਾਈ। ਉੱਚੀ ਆਵਾਜ਼ ਵਿੱਚ ਕਿਹਾ।

ਮੈਂ ਕਾਂਸੀ ਕਾ ਜੁਲਾਹਾ। ।

ਗੁਰੂ ਅਰਜਨ ਦੇਵ ਜੀ ਨੇ ਕਬੀਰ ਸਾਹਿਬ ਜੀ ਉਸਤਤਿ ਕਰਦੇ ਹੋਏ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥<br>
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥

ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਪੁਜਾਰੀ ਵਰਗ ਪੂਰਾ ਕਸਾਈ ਬਣਿਆ ਹੋਇਆ ਹੈ। ਪੰਡਤਾ ਦੇ ਕਹਿਣ ਤੇ ਜਾਨਵਰਾਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਹਨ। ਪਰ ਇਨ੍ਹਾਂ ਲੋਕਾਂ ਨੂੰ ਜਾਨਵਰਾਂ ਤੇ ਤਰਸ ਨਹੀਂ ਆਉਦਾ। ਜਨਤਾ ਪੰਡਿਤਾਂ ਕੋਲੋਂ ਦੀਕਸ਼ਾ ਮੰਗਦੀ ਹੈ। ਮੈਨੂੰ ਇਨ੍ਹਾਂ ਭੋਲੇ ਲੋਕਾਂ ਮੂਰਖਤਾ ਤੇ ਹਾਸਾ ਆਉਂਦਾ ਹੈ ਤਰਸ ਆਉਂਦਾ ਹੈ। ਜਿਹੜੇ ਸਵਾਰਥੀ ਪੰਡਿਤਾਂ ਦੇ ਮਗਰ ਲੱਗ ਕੇ ਪਾਖੰਡ ਕਰ ਰਹੇ ਹਨ। ਬਲੀਆਂ ਦੇਣ ਕਰਕੇ ਗੁਰੂ ਸਾਹਿਬ ਜੀ ਪੰਡਿਤਾਂ ਨੂੰ ਕਸਾਈ ਦਾ ਖਿਤਾਬ ਦਿੰਦੇ ਹਨ। ਆਪ ਬਾਣੀ ਰਾਹੀਂ ਫਰਮਾਉਂਦੇ ਹਨ ਕਿ

ਸੰਤੋ, ਪੰਡੇ ਨਿਪੰਨ ਕਸਾਈ॥

ਬ੍ਰਾਮਣਾਂ ਨੇ ਇਹ ਵਿਚਾਰ ਫੈਲਾਇਆ ਕਿ ਜਿਹੜਾ ਬਨਾਰਸ ਵਿੱਚ ਮਰਦਾ ਹੈ ਉਹ ਸਵਰਗ ਵਿੱਚ ਜਾਂਦਾ ਹੈ। ਪਰ ਜਿਹੜਾ ਮਗਹਰ ਵਿੱਚ ਮਰਦਾ ਹੈ ਬੁੱਧ ਦਾ ਪ੍ਰੀਨਿਰਵਾਣ ਸਥਾਨ ਕੁਸੀ ਨਗਰ ( ਉੱਤਰ ਪ੍ਰਦੇਸ਼) ਉਹ ਨਰਕਾਂ ਵਿੱਚ ਜਾਦਾ ਹੈ। ਗੁਰੂ ਕਬੀਰ ਜੀ ਨੇ ਇਸ ਗੱਲ ਨੂੰ ਝੂਠ ਕਿਹਾ। ਉਹ ਮਹਾਤਮਾ ਬੁੱਧ ਦੀ ਸੋਚ ਤੇ ਚਲ ਰਹੇ ਸਨ। ਸਤਿਗੁਰੂ ਕਬੀਰ ਸਾਹਿਬ ਜੀ ਆਪਣੇ ਅੰਤਿਮ ਸਮੇਂ ਬਨਾਰਸ ਛੱਡ ਕੇ ਮਗਹਰ ਪਹੁੰਚ ਗਏ। ਅੰਤ 1518 ਵਿੱਚ ਮਗਹਰ ਵਿੱਚ ਹੀ ਇਸ ਫਾਨੀ ਸੰਸਾਰ ਨੂੰ ਛੱਡਕੇ ਚਲੇ ਗਏ। ਜੈ ਕਬੀਰ ਜੈ ਕਬੀਰ


ਚਮਨ ਲਾਲ ਚਣਕੋਆ ਤਹਿਸੀਲ ਬਲਾਚੌਰ ਜਿਲਾ ਸਹੀਦ ਭਗਤ ਸਿੰਘ ਨਗਰ।

**ਚਮਨ ਲਾਲ ਚਣਕੋਆ**

# ਕਵੀਸ਼ਰੀ ਦਾ ਬਾਦਸ਼ਾਹ-ਬਾਬੂ ਰਜਬ ਅਲੀ

ਸਾਹੋ ਕੇ ਜਿਲਾ ਫਿਰੋਜ਼ਪੁਰ ਜੰਮਪਲ ਪੰਜਾਬ ਦਾ। ਪੁੱਤਰ ਮਾਤਾ ਜਿਉਣੀ ਤੇ ਧਮਾਲੀ ਖਾਨ ਦਾ। ਪਿਤਾ ਵੀ ਕਵੀਸ਼ਰ, ਬਾਬੂ ਰਜਬ ਅਲੀ, ਵੀ ਕਵੀਸ਼ਰ ਬਣਿਆ, ਖਾਨਦਾਨ ਦਾ। ਵਿਰਸੇ ਵਿੱਚ, ਮਿਲੀ ਗੁੜਤੀ, ਕਵੀਸ਼ਰੀ ਦੀ, ਪਾਸ ਕੀਤਾ, ਓਵਰਸੀਅਰ ਦਾ ਇਮਤਿਹ-ਾਨ।10ਅਗਸਤ1894 ਨੂੰ ਜਨਮਿਆ,ਵੰਡ ਵੇਲੇ, ਜਾਣਾ ਪਿਆ ਪਾਕਿਸਤਾਨ। ਦਰਜਣਾਂ ਕਵਿਤਾਵਾਂ, ਤੇ ਕਿਸੇ ਲਿਖੇ, ਇਤਿਹਾਸਿਕ ਤੇ ਮਿਥਿਹਾਸਿਕ ਪ੍ਰਸੰਗ ਸੁਣਾਏ। ਰਚੇ 81ਕਿੱਸੇ ਤੇ ਪ੍ਰਸੰਗ,ਅਣਮੋਲ ਵਿਰਸੇ ਤੇ ਚਾਨਣੇ ਪਾਏ। ਧਾਰਮਿਕ ਰਚਨਾਵਾਂ ਤੋਂ ਇਲਾਵਾ ਜਿਉਣਾ-ਮੋੜ, ਦੁੱਲਾ-ਭੱਟੀ, ਸੁੱਚਾ- ਸੂਰਮਾ, ਜੈਮਲ-ਫੱਤਾ, ਰਚੀਆਂ ਰਚਨਾਵਾਂ।72 ਕਲਾ-ਛੰਦ ਰਚਨਾ ਹੋਈ ਹਰਮਨ-ਪਿਆਰੀ, ਮਾਲਵੇ ਦਾ ਸਿਰਨਾਵਾਂ।

ਮਾਲਵੇ ਦੇ ਸੱਭਿਆਚਾਰ, ਰਹਿਣ-ਸਹਿਣ, ਆਦਤਾਂ, ਸ਼ੌਂਕ,ਬੋਲੀ, ਮੁਹ-ਾਵਰੇ, ਮੌਸਮ, ਬਾਰੇ ਮਿਲਦੀ, ਅਹਿਮ ਜਾਣਕਾਰੀ। ਮੁੰਡਿਆਂ ਨੂੰ, ਦਿੱਤੀ ਨਸੀਹਤ, ਵਿਹਲੇ ਰਹਿਣ ਨਾਲ, ਘਰ ਚ ਆਵੇ ਗਰੀਬੀ, ਰਹਿੰਦੀ ਮੱਤ ਮਾਰੀ। ਪਿਓ- ਦਾਦਿਆਂ ਦੀ, ਕੀਤੀ ਮਿਹਨਤ ਦਾ, ਮਨ ਵਿੱਚ ਰੱਖੋ ਧਿਆਨ। ਕਾਇਮ ਰਹੇ ਉਹਨਾਂ ਦੀ ਆਨ ਸ਼ਾਨ। ਬੰਬੀਹਾ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ, ਦਸਵੀਂ ਕੀਤੀ ਫਰੀਦਕੋਟ ਤੋਂ। ਸਿਵਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਗੁਜਰਾਤ ਰਾਜਕੋਟ ਤੋਂ। ਚੰਗਾ ਅਥਲੀਟ ਤੇ ਖਿਡਾਰੀ ਕ੍ਰਿਕਟ ਤੇ ਫੁਟਬਾਲ ਦਾ। ਕ੍ਰਿਕਟ ਦਾ ਕੈਪਟਨ ਵੀ ਸੀ ਕਮਾਲ ਦਾ। ਚਾਰ ਵਿਆਹ ਹੋਏ ਤੇ ਚਾਰ ਹੀ ਪੁੱਤਰ, ਨਾਲੇ ਦੋ ਧੀਆਂ।



1940 ਵਿੱਚ ਨੌਕਰੀ ਛੱਡੀ, ਹੋਏ ਕਵੀਸ਼ਰੀ ਨੂੰ ਸਮਰਪਿਤ ਮੀਆਂ। ਪੰਜਾਬੀ,ਉਰਦੂ,ਅਰਬੀ, ਫਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਸੀ ਜਾਣਕਾਰ, ਸੱਤ ਕਿਤਾਬਾਂ, ਪੰਜਾਬੀ ਵਿੱਚ ਲਿਖੀਆਂ। ਸੂਰਮਗਤੀ ਵਾਲੇ ਕਿੱਸੇ ਤੇ ਰਚਨਾਵਾਂ, ਅਜੇ ਵੀ ਪੰਜਾਬੀਆਂ ਦੇ ਚੇਤਿਆਂ ਵਿੱਚ ਵਸੀਆਂ। ਵੰਡ ਵੇਲੇ ਭਾਵੇਂ ਪਾਕਿਸਤਾਨ ਚਲੇ ਗਏ ਪਰ ਰੂਹ ਸਦਾ ਮਾਲਵੇ ਪੰਜਾਬ ਵਿੱਚ ਘੁੰਮਦੀ ਸੀ। ਮਾਰਚ 1965 ਵਿੱਚ, ਚੜ੍ਹਦੇ ਪੰਜਾਬ ਦੀ ਪਾਈ ਫੇਰੀ, ਭਾਰੀ ਗਿਣਤੀ ਵਿੱਚ ਆਏ ਲੋਕੀ, ਸ਼ੋਹਰਤ ਪੈਰ ਉਨਾਂ ਦੇ ਚੁੰਮਦੀ ਸੀ। ਬਾਬੂ ਰਜਬ ਅਲੀ ਦੀਆਂ, ਰਚਨਾਵਾਂ ਅੱਜ ਵੀ, ਨੌਜਵਾਨਾਂ ਲਈ, ਬਣਦੀਆਂ ਚਾਨਣ ਮੁਨਾਰਾ। 6 ਮਈ1979 ਨੂੰ ਪਾਕਿ-ਸਤਾਨ ਵਿੱਚ ਹੋ ਗਿਆ ਸਪੁਰਦ-ਏ-ਖਾਕ, ਦੋਨਾਂ ਮੁਲਕਾਂ ਦਾ ਸਿਤਾਰਾ।



**ਅਮਰਜੀਤ ਸਿੰਘ ਤੂਰ**<br>
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com